ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I


awazeqaumtvpunjab@gmail.com

ਮੰਗਲਵਾਰ, 1 ਅਕਤੂਬਰ 2024 (ਨਾਨਕਸ਼ਾਹੀ ਸੰਮਤ : ੫੫੬, ੧੬ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਭਾਜਪਾ ਦੀ ਸੂਬਾ ਪੱਧਰੀ ਮੀਟਿੰਗ 'ਚ ਗ਼ੈਰ-ਹਾਜ਼ਰ ਰਹੇ ਪਾਰਟੀ ਪ੍ਰਧਾਨ ਜਾਖੜ, ਅਸਤੀਫ਼ੇ ਦੀਆਂ ਚਰਚਾਵਾਂ ਨੇ ਮੁੜ ਫੜ੍ਹਿਆ ਜ਼ੋਰ !

**ਚੰਡੀਗੜ੍ਹ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਾਜਪਾ ਦੀ ਮੀਟਿੰਗ ਚੰਡੀਗੜ੍ਹ ਸਥਿਤ ਪਾਰਟੀ ਹੈੱਡਕੁਆਰਟਰ ਵਿਖੇ ਸ਼ੁਰੂ ਹੋ ਗਈ ਹੈ ਪਰ ਭਾਜਪਾ ਪ੍ਰਧਾਨ ਸੁਨੀਲ ਜਾਖੜ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ ਜਿਸ ਕਾਰਨ ਇਕ ਵਾਰ ਫਿਰ ਉਨ੍ਹਾਂ ਦੇ ਅਸਤੀਫੇ ਨੂੰ ਲੈ ਕੇ ਅਟਕਲਾਂ ਸ਼ੁਰੂ ਹੋ ਗਈਆਂ ਹਨ। ਹਾਲਾਂਕਿ ਜਦੋਂ ਪੱਤਰਕਾਰਾਂ ਨੇ ਇਸ ਮਾਮਲੇ ਵਿੱਚ ਭਾਜਪਾ ਦੇ ਇੰਚਾਰਜ



ਵਿਜੇ ਰੁਪਾਨੀ ਨੂੰ ਸਵਾਲ ਕੀਤਾ ਤਾਂ ਉਨ੍ਹਾਂ ਦਾ ਜਵਾਬ ਸੀ ਕਿ ਜਾਖੜ ਨੇ ਅਸਤੀਫਾ ਨਹੀਂ ਦਿੱਤਾ ਹੈ। ਅਸਤੀਫੇ ਦੀ ਖ਼ਬਰ ਅਫਵਾਹ ਹੈ। ਜਾਖੜ ਸਾਬ੍ਹ ਆਪਣੇ ਨਿੱਜੀ ਕੰਮ ਲਈ ਦਿੱਲੀ ਗਏ ਹੋਏ ਸਨ। ਜਦੋਂ ਪੱਤਰਕਾਰਾਂ ਨੇ ਕਿਹਾ ਕਿ ਜਾਖੜ ਨੇ ਇਨ੍ਹਾਂ ਖ਼ਬਰਾਂ ਦਾ ਵੀ ਖੰਡਨ ਨਹੀਂ ਕੀਤਾ ਤਾਂ ਉਨ੍ਹਾਂ ਕਿਹਾ ਕਿ ਉਹ ਦਿੱਲੀ ਹਨ ਤੇ ਉਹ ਸਾਡੀ ਪਾਰਟੀ ਦੇ ਪ੍ਰਧਾਨ ਹਨ। ਉਨ੍ਹਾਂ ਦੀ ਅਗਵਾਈ ਹੇਠ ਪਾਰਟੀ ਚੱਲ ਰਹੀ ਹੈ। ਉਹ ਦੋ-ਚਾਰ ਦਿਨਾਂ ਵਿੱਚ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣਗੇ। ਜ਼ਿਕਰ ਕਰ ਦਈਏ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਅਸਤੀਫ਼ਾ ਨਹੀਂ ਦਿੱਤਾ ਇਸ ਦੀ ਪੁਸ਼ਟੀ ਤਾਂ ਬੀਜੇਪੀ ਨੇ ਕਰ ਦਿੱਤੀ ਹੈ ਪਰ ਅਸਤੀਫ਼ਾ ਦਿੱਤੇ ਜਾਣ ਬਾਰੇ ਸੁਨੀਲ ਜਾਖੜ ਦੀ ਚੁੱਪ 'ਤੇ ਸੁਆਲ ਉੱਠਣ ਲੱਗੇ ਹਨ।

### ਮੁੱਖ ਮੰਤਰੀ ਮਾਨ ਨੇ ਕੀਤਾ ਦੁੱਖ ਸਾਂਝਾ ਕਰਦਿਆਂ ਕਿਹਾ-ਪੀੜਤ ਪਰਿਵਾਰਾਂ ਦੇ ਨਾਲ ਹੈ ਸਰਕਾਰ

# ਬੱਸ ਹਾਦਸੇ 'ਚ 6 ਦੀ ਮੌਤ, 15 ਤੋਂ ਜ਼ਿਆਦਾ ਜ਼ਖ਼ਮੀ




**ਬਟਾਲਾ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਗੁਰਦਾਸਪੁਰ 'ਚ ਸੋਮਵਾਰ ਨੂੰ ਇੱਕ ਨਿੱਜੀ ਬੱਸ ਬ੍ਰੇਕ ਫੇਲ ਹੋਣ ਕਾਰਨ ਬੱਸ ਸਟੌਪ 'ਚ ਦਾਖ਼ਲ ਹੋ ਗਈ। ਇਸ ਕਾਰਨ ਬੱਸ 'ਚ ਸਵਾਰ 6 ਲੋਕਾਂ ਦੀ ਮੌਤ ਹੋ ਗਈ, ਜਦਕਿ 15 ਤੋਂ ਵੱਧ ਲੋਕ ਜ਼ਖਮੀ ਹੋ ਗਏ। ਜਿਨ੍ਹਾਂ ਨੂੰ ਇਲਾਜ ਲਈ ਵੱਖ-ਵੱਖ ਹਸਪਤਾਲਾਂ 'ਚ ਦਾਖਲ ਕਰਵਾਇਆ ਗਿਆ ਹੈ। ਪਿੰਡ ਸ਼ਾਹਬਾਦ ਨੇੜੇ ਹੋਏ ਇਸ ਹਾਦਸੇ ਵਿੱਚ ਮਰਨ ਵਾਲੇ ਸਾਰੇ ਲੋਕ ਨੇੜਲੇ ਪਿੰਡਾਂ ਦੇ ਵਸਨੀਕ ਸਨ। ਬੱਸ ਵਿੱਚ 40 ਤੋਂ ਵੱਧ ਲੋਕ ਸਵਾਰ ਸਨ। ਇਸ ਘਟਨਾ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਸ਼ਲ ਮੀਡੀਆ ਉੱਤੇ ਲਿਖਿਆ, ਬਟਾਲਾ-ਕਾਦੀਆਂ ਰੋਡ 'ਤੇ ਇੱਕ ਬੱਸ ਹਾਦਸਾਗ੍ਰਸਤ ਹੋਈ ਹੈ ਜਿਸ ਵਿੱਚ ਕੁੱਝ ਲੋਕਾਂ ਦੀ ਮੌਤ ਦੀ ਦੁੱਖਦਾਈ ਖ਼ਬਰ ਮਿਲ ਰਹੀ ਹੈ ਤੇ ਕੁੱਝ ਯਾਤਰੀ ਗੰਭੀਰ ਜ਼ਖਮੀ ਦੱਸੇ ਜਾ ਰਹੇ ਨੇ... ਮੈਂ ਪ੍ਰਸ਼ਾਸਨ ਨਾਲ ਗੱਲ ਕੀਤੀ ਹੈ ਤੇ ਅਫਸਰ ਮੌਕੇ 'ਤੇ ਨੇ...ਪੀੜਤ ਪਰਿਵਾਰਾਂ ਪ੍ਰਤੀ ਮੇਰੀ ਦਿਲੋਂ ਹਮਦਰਦੀ ਹੈ...ਪੰਜਾਬ ਸਰਕਾਰ ਪੀੜਤ ਪਰਿਵਾਰਾਂ ਦੇ ਨਾਲ ਹੈ.. ਜਾਣਕਾਰੀ ਅਨੁਸਾਰ ਨਿੱਜੀ ਬੱਸ ਕਾਦੀਆਂ ਤੋਂ ਬਟਾਲਾ ਵੱਲ ਆ ਰਹੀ ਸੀ। ਇਸ ਦੌਰਾਨ ਸ਼ਾਹਬਾਦ ਪਿੰਡ ਦੇ ਮੋੜ 'ਤੇ ਇੱਕ ਮੋਟਰਸਾਇਕਲ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਬੱਸ ਸਟੈਂਡ ਨਾਲ ਟਕਰਾਅ ਗਈ । ਹੁਣ ਤੱਕ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਬੱਸ ਦੇ ਬ੍ਰੇਕ ਫੇਲ ਹੋ ਗਏ ਸਨ ਜਿਸ ਕਾਰਨ ਇਹ ਹਾਦਸਾ ਵਾਪਰਿਆ ਹੈ। ਹਾਦਸੇ ਵਿੱਚ ਮਰਨ ਵਾਲਿਆਂ ਵਿੱਚ ਬੱਸ ਦਾ ਡਰਾਈਵਰ ਵੀ ਸ਼ਾਮਲ ਹੈ। ਜ਼ਖਮੀਆਂ ਨੂੰ ਐਂਬੂਲੈਂਸ ਰਾਹੀਂ ਬਟਾਲਾ ਦੇ ਸਿਵਲ ਹਸਪਤਾਲ ਪਹੁੰਚਾਇਆ ਗਿਆ ਹੈ। ਹਾਦਸੇ ਵਿੱਚ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਨੂੰ ਬਟਾਲਾ ਦੇ ਮੁਰਦਾਘਰ ਵਿੱਚ ਰਖਵਾਇਆ ਗਿਆ ਹੈ। ਅਜੇ ਤੱਕ ਮ੍ਰਿਤਕਾਂ ਦੀ ਪਛਾਣ ਨਹੀਂ ਹੋ ਸਕੀ ਹੈ। ਗੁਰਦਾਸਪੁਰ ਪੁਲਿਸ ਮਾਮਲੇ ਦੀ ਜਾਂਚ 'ਚ ਜੁਟੀ ਹੈ।

## ਦੋ-ਦੋ ਕਰੋੜ 'ਚ ਵਿਕਣ ਲੱਗੀਆਂ ਸਰਪੰਚੀਆਂ ! ਹੋਵੇਗੀ ਕਾਰਵਾਈ !

**ਡੇਰਾ ਬਾਬਾ ਨਾਨਕ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿੱਚ ਪੰਚਾਇਤੀ ਚੋਣਾਂ ਦੇ ਐਲਾਨ ਤੋਂ ਬਾਅਦ ਪਿੰਡਾਂ ਵਿੱਚ ਹਲਚਲ ਤੇਜ਼ ਹੋ ਗਈ ਹੈ। ਇੱਕ ਪਾਸੇ ਜਿੱਥੇ ਧੜੇਬੰਦੀ ਕਰਕੇ ਝਗੜਿਆਂ ਤੇ ਸਰਬਸੰਮਤੀ ਨਾਲ ਪੰਚਾਇਤਾਂ ਦੀ ਚੋਣ ਦੀਆਂ ਖਬਰਾਂ ਆ ਰਹੀਆਂ ਹਨ, ਉੱਥੇ ਹੀ ਸਰਪੰਚੀ ਦੀ ਬੋਲੀ ਵੀ ਲੱਗ ਰਹੀ ਹੈ। ਇਸ ਵਾਰ ਸਰਪੰਚੀ ਲਈ ਸਭ ਵੱਧ ਬੋਲੀ ਗੁਰਦਾਸਪੁਰ ਜ਼ਿਲ੍ਹੇ ਵਿੱਚ ਲੱਗੀ ਹੈ। ਮਾਝੇ ਵਾਲਿਆਂ ਨੇ ਸਰਪੰਚੀ ਲਈ ਦੋ ਕਰੋੜ ਦੀ ਬੋਲੀ ਲਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਦਰਅਸਲ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਦੇ ਪਿੰਡ ਹਰਦੋਵਾਲ ਕਲਾਂ ਵਿੱਚ ਸਰਪੰਚ ਦੇ ਅਹੁਦੇ ਲਈ 2 ਕਰੋੜ ਰੁਪਏ ਦੀ ਬੋਲੀ ਲਾਈ ਗਈ ਸੀ। ਹੈਰਾਨੀ ਇਹ ਹੈ ਕਿ ਅਜੇ ਵੀ ਇਸ 'ਤੇ ਕੋਈ ਫੈਸਲਾ ਨਹੀਂ ਹੋ ਸਕਿਆ। ਭਾਵ ਅੱਜ ਵੀ ਬੋਲੀ ਜਾਰੀ ਰਹੇਗੀ ਤੇ ਇਹ ਇਸ ਤੋਂ ਵੀ ਉੱਤੇ ਜਾ ਸਕਦੀ ਹੈ। ਹਾਸਲ ਜਾਣਕਾਰੀ ਮੁਤਾਬਕ ਭਾਜਪਾ ਆਗੂ ਆਤਮਾ ਸਿੰਘ ਅਨੁਸਾਰ ਇਹ ਬੋਲੀ ਹੋਰ ਵੀ ਵਧ ਸਕਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬੋਲੀ ਵਿੱਚ ਜੋ ਵੀ ਪੈਸਾ ਆਵੇਗਾ, ਉਸ ਨੂੰ ਕਿੱਥੇ ਖਰਚ ਕਰਨਾ ਹੈ, ਇਸ ਦਾ ਫੈਸਲਾ ਪਿੰਡ ਦੀ ਨੌਜਵਾਨ ਸਭਾ ਕਰੇਗੀ। ਜਦੋਂਕਿ ਪੰਚਾਇਤ ਨੂੰ ਦਿੱਤੀ ਜਾਣ ਵਾਲੀ ਗਰਾਂਟ ਵੱਖਰੀ ਹੋਵੇਗੀ। ਇਸ ਵਿੱਚ ਪਿੰਡ ਦੀਆਂ ਤਿੰਨ ਧਿਰਾਂ ਬੋਲੀ ਲਾ ਰਹੀਆਂ ਹਨ। ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਸਰਬਸੰਮਤੀ ਨਾਲ ਸਰਪੰਚ ਬਣਾਇਆ ਜਾਵੇਗਾ। ਬੋਲੀਕਾਰਾਂ ਵਿੱਚ ਆਤਮਾ ਸਿੰਘ, ਜਸਵਿੰਦਰ ਸਿੰਘ ਬੇਦੀ, ਨਿਰਭੈਰ ਸਿੰਘ ਸ਼ਾਮਲ ਹਨ। ਭਾਜਪਾ ਆਗੂ ਆਤਮਾ ਸਿੰਘ ਨੇ ਹੁਣ ਤੱਕ ਦੀ ਸਭ ਤੋਂ ਵੱਧ ਬੋਲੀ ਲਗਾਈ ਹੈ। ਪਿੰਡ ਵਿੱਚ ਸਰਪੰਚ ਦੇ ਅਹੁਦੇ ਦੀ ਬੋਲੀ ਸਬੰਧੀ ਗੁਰਦੁਆਰਾ ਸਾਹਿਬ ਤੋਂ ਐਲਾਨ ਕੀਤਾ ਗਿਆ। ਇਸ ਤੋਂ ਬਾਅਦ ਇਹ ਪ੍ਰਕਿਰਿਆ ਸ਼ੁਰੂ ਹੋਈ। ਪਤਾ ਲੱਗਾ ਹੈ ਕਿ ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਦਾ ਕੋਈ ਵੀ ਨੁਮਾਇੰਦਾ ਬੋਲੀ ਦੇਣ ਲਈ ਅੱਗੇ ਨਹੀਂ ਆਇਆ। ਪਹਿਲਾਂ ਭਾਜਪਾ ਨੇਤਾ ਆਤਮਾ ਸਿੰਘ ਨੇ 50 ਲੱਖ ਰੁਪਏ ਦੀ ਬੋਲੀ ਲਗਾਈ। ਉਸ ਦੇ ਮੁਕਾਬਲੇ ਜਸਵਿੰਦਰ ਸਿੰਘ ਨੇ 1 ਕਰੋੜ ਰੁਪਏ ਦੀ ਬੋਲੀ ਲਗਾਈ। ਇਸ ਤੋਂ ਬਾਅਦ ਆਤਮਾ ਸਿੰਘ ਨੇ 2 ਕਰੋੜ ਰੁਪਏ ਦੀ ਬੋਲੀ ਲਗਾਈ। ਦੱਸ ਦਈਏ ਕਿ ਇਹ ਗੁਰਦਾਸਪੁਰ ਦੀ ਸਭ ਤੋਂ ਵੱਡੀ ਪੰਚਾਇਤ ਹੈ। ਪੰਚਾਇਤ ਕੋਲ 300 ਏਕੜ ਜ਼ਮੀਨ ਹੈ।

## ਸਿੰਘੂ ਬਾਰਡਰ 'ਤੇ ਨਾਕਾਬੰਦੀ ਹਟਾਉਣ ਸਬੰਧੀ ਜਨਹਿੱਤ ਪਟੀਸ਼ਨ, ਅਦਾਲਤ ਨੇ ਦਿੱਤਾ ਇਹ ਹੁਕਮ

**ਨਵੀਂ ਦਿੱਲੀ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਹਾਈ ਕੋਰਟ ਨੇ ਸੋਮਵਾਰ ਨੂੰ ਉਸ ਜਨਹਿੱਤ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਜਿਸ ਵਿਚ ਸਿੰਘੂ ਸਰਹੱਦ 'ਤੇ ਨਾਕਾਬੰਦੀ ਹਟਾਉਣ ਦੀ ਬੇਨਤੀ ਕੀਤੀ ਗਈ ਸੀ। ਅਦਾਲਤ ਨੇ ਪਟੀਸ਼ਨਰਾਂ ਨੂੰ ਪ੍ਰਤੀਨਿਧਤਾ ਦਾਇਰ ਕਰਕੇ ਆਪਣੀ ਸ਼ਿਕਾਇਤ ਦੇ ਨਾਲ ਦਿੱਲੀ ਪੁਲਸ ਨਾਲ ਸੰਪਰਕ ਕਰਨ ਲਈ ਕਿਹਾ। ਪਟੀਸ਼ਨਕਰਤਾਵਾਂ ਦੇ ਵਕੀਲ ਨੇ ਕਿਹਾ ਕਿ ਭਾਵੇਂ ਦਿੱਲੀ-ਹਰਿਆਣਾ ਸਰਹੱਦ 'ਤੇ ਕੋਈ ਧਰਨਾਕਾਰੀ ਕਿਸਾਨ ਨਹੀਂ ਹਨ, ਫਿਰ ਵੀ ਸਿੰਘੂ ਬਾਰਡਰ 'ਤੇ ਬੈਰੀਕੇਡਿੰਗ ਹੈ, ਜਿਸ ਕਾਰਨ ਲੋਕਾਂ ਨੂੰ ਪਰੇਸ਼ਾਨੀ ਹੋ ਰਹੀ ਹੈ। ਚੀਫ਼ ਜਸਟਿਸ ਮਨਮੋਹਨ ਤੇ ਜਸਟਿਸ ਤੁਸ਼ਾਰ ਰਾਓ ਗੇਡੇਲਾ ਦੀ ਬੈਂਚ ਨੇ ਕਿਹਾ ਕਿ ਇਸ ਮੁੱਦੇ 'ਤੇ ਸਬੰਧਤ ਅਧਿਕਾਰੀਆਂ



ਨੂੰ ਵਿਚਾਰ ਕਰਨਾ ਚਾਹੀਦਾ ਹੈ ਨਾ ਕਿ ਅਦਾਲਤ ਨੂੰ। ਬੈਂਚ ਨੇ ਪਟੀਸ਼ਨਕਰਤਾਵਾਂ ਨੂੰ ਪਹਿਲਾਂ ਦਿੱਲੀ ਪੁਲਸ ਨੂੰ ਪ੍ਰਤੀਨਿਧਤਾ ਪੇਸ਼ ਕਰਨ ਦਾ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਇਸ ਬਾਰੇ ਜਲਦੀ ਹੀ ਫੈਸਲਾ ਲਿਆ ਜਾਵੇਗਾ। ਪਟੀਸ਼ਨ 'ਚ ਤਿੰਨੋਂ ਪਟੀਸ਼ਨਰਾਂ ਨੇ ਕਿਹਾ ਕਿ ਉਹ ਲੋਕ ਭਲਾਈ ਦੇ ਹੱਕ ਵਿਚ ਹਨ। ਪਟੀਸ਼ਨਰਾਂ ਨੇ ਕਿਹਾ ਕਿ ਪਿਛਲੇ 7 ਮਹੀਨਿਆਂ ਤੋਂ ਵੱਧ ਸਮੇਂ ਤੋਂ ਨੈਸ਼ਨਲ ਹਾਈਵੇ-44 'ਤੇ ਸਿੰਘੂ ਬਾਰਡਰ 'ਤੇ ਵੱਡੇ ਪੱਧਰ 'ਤੇ ਜਾਮ ਕੀਤਾ ਹੋਇਆ ਹੈ, ਜਿਸ ਕਾਰਨ ਇਲਾਕੇ 'ਚ ਟ੍ਰੈਫਿਕ ਜਾਮ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਵਿਧਾਨ ਦੇ ਤਹਿਤ ਅਜ਼ਾਦ ਆਵਾਜਾਈ ਦੇ ਅਧਿਕਾਰ 'ਤੇ ਜ਼ੋਰ ਦਿੰਦੇ ਹੋਏ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਹਰਿਆਣਾ ਤੋਂ ਬਹੁਤ ਸਾਰੇ ਲੋਕ ਆਪਣੇ ਇਲਾਜ ਲਈ ਦਿੱਲੀ ਜਾਂਦੇ ਹਨ, ਪਰ ਹੁਣ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਨਹਿਤ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਜਵਾਬ ਦੇਣ ਵਾਲਿਆਂ (ਦਿੱਲੀ ਸਰਕਾਰ ਅਤੇ ਕੇਂਦਰ) ਨੇ ਹਾਈਵੇਅ ਸੜਕ ਉੱਤੇ ਵਿਆਪਕ ਰੁਕਾਵਟਾਂ ਅਤੇ ਬੈਰੀਕੇਡ ਲਗਾ ਕੇ ਅਤੇ ਉਹ ਵੀ ਸੁਰੱਖਿਅਤ ਅਤੇ ਪਹੁੰਚਯੋਗ ਤਰੀਕੇ ਨਾਲ, ਹਰਿਆਣਾ ਨੂੰ ਦਿੱਲੀ ਨਾਲ ਜੋੜਨ ਵਾਲੇ ਸਿੰਘੂ ਬਾਰਡਰ ਉੱਤੇ ਹਾਈਵੇਅ ਰੋਡ ਨੂੰ ਬੰਦ ਕਰ ਦਿੱਤਾ ਹੈ ਤੇ ਉਹ ਵੀ ਰੂਟ ਲਈ ਕੋਈ ਬਦਲਵਾਂ ਰਸਤਾ ਜਾਂ ਸਹੂਲਤ ਪ੍ਰਦਾਨ ਕੀਤੇ ਬਿਨਾਂ। ਇਸ ਸਭ ਦੇ ਕਾਰਨ ਦਿੱਲੀ ਤੋਂ ਹਰਿਆਣਾ ਜਾਂ ਹਰਿਆਣਾ ਤੋਂ ਦਿੱਲੀ ਜਾਣ ਵਾਲੇ ਲੋਕਾਂ ਨੂੰ ਹੋਰਾਂ ਸੜਕਾਂ ਦੀ ਵਰਤੋਂ ਕਰਨੀ ਪੈਂਦੀ ਹੈ, ਜੋ ਨੇੜਲੇ ਪਿੰਡਾਂ ਵਿੱਚੋਂ ਲੰਘਦੀਆਂ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਸੱਤ ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਅਦ ਵੀ, ਜਦੋਂ ਸਿੰਘੂ ਬਾਰਡਰ 'ਤੇ ਇਕ ਵੀ ਕਿਸਾਨ ਵਿਰੋਧ ਨਹੀਂ ਕਰ ਰਿਹਾ, ਦੂਜੀ ਧਿਰ ਨੇ ਸਿੰਘੂ ਬਾਰਡਰ 'ਤੇ ਸੜਕ ਨੂੰ ਜਾਮ ਕਰ ਦਿੱਤਾ ਹੈ, ਜਿਸ ਨਾਲ ਵੱਡੇ ਪੈਮਾਨੇ 'ਤੇ ਆਵਾਜਾਈ ਜਾਮ ਹੋ ਰਹੀ ਹੈ, ਜਿਸ ਨਾਲ ਆਮ ਜਨਤਾ ਨੂੰ ਕਾਫੀ ਅਸੁਵਿਧਾ ਹੋ ਰਹੀ ਹੈ।

## ਜੇਲ੍ਹ ਚੋਂ ਟਵੀਟ ਕਰਕੇ ਅੰਮ੍ਰਿਤਪਾਲ ਸਿੰਘ ਨੇ ਨਵੀਂ ਸਿਆਸੀ ਪਾਰਟੀ ਬਾਰੇ ਕੀਤਾ ਵੱਡਾ ਐਲਾਨ

**ਚੰਡੀਗੜ੍ਹ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਵਾਰਿਸ ਦੇ ਮੁਖੀ ਅਤੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਇੱਕ ਟਵੀਟ ਰਾਹੀਂ ਕਿਹਾ ਹੈ ਕਿ ਕੋਈ ਵੀ ਸਿਆਸੀ ਪਾਰਟੀ ਪੰਜਾਬ ਦੇ ਮਸਲੇ ਹੱਲ ਨਹੀਂ ਕਰ ਸਕੀ। ਇਸੇ ਲਈ ਨਵੀਂ ਪਾਰਟੀ ਦਾ ਐਲਾਨ ਕੀਤਾ ਗਿਆ ਹੈ। ਕੱਲ੍ਹ ਅੰਮ੍ਰਿਤਪਾਲ ਸਿੰਘ ਦੇ ਮਾਤਾ-ਪਿਤਾ ਨੇ ਵੀ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਇਹ ਐਲਾਨ ਕੀਤਾ। ਅੰਮ੍ਰਿਤਪਾਲ ਸਿੰਘ ਨੇ ਟਵੀਟ ਕਰਦਿਆਂ ਕਿਹਾ ਕਿ, ਮੇਰੇ ਪਿਤਾ ਭਾਈ ਭਾਈ ਤਰਸੇਮ ਸਿੰਘ ਜੀ ਵੱਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਨਵੀਂ ਪੰਥਕ ਸਿਆਸੀ





ਪਾਰਟੀ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਪੰਥ-ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਹੱਲ ਹੋਣ ਦੀ ਥਾਂ ਹੋਰ ਤੀਬਰਤਾ ਨਾਲ ਪੰਥ ਨੂੰ ਦਰਪੇਸ਼ ਹੋ ਰਹੀਆਂ ਹਨ। ਪਿੱਛੇ ਝਾਤ ਮਾਰੀਏ ਤੇ ਇਹ ਸਪੱਸ਼ਟ ਹੈ ਕਿ ਨਾ ਤਾਂ ਮੌਜੂਦਾ ਪੰਥਕ ਤੇ ਨਾ ਹੀ ਗੈ.ਰ-ਪੰਥਕ ਸਿਆਸੀ ਧਿਰਾਂ ਪੰਥ ਪੰਜਾਬ ਦੇ ਕਿਸੇ ਵੀ ਮੁੱਦੇ ਨੂੰ ਸਹੀ ਢੰਗ ਨਾਲ ਹੱਲ ਕਰ ਸਕੀਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਮਹਾਰਾਜ ਜੀ ਦੇ ਓਟ ਆਸਰੇ ਨਾਲ ਅਸੀਂ ਜਲਦ ਹੀ ਨਵੀਂ ਪੰਥਕ ਸਿਆਸੀ ਪਾਰਟੀ ਦਾ ਨਾਮ 'ਤੇ ਢਾਂਚੇ ਦਾ ਐਲਾਨ ਕਰਾਂਗੇ। ਮੇਰੇ ਪਿਤਾ ਭਾਈ ਭਾਈ ਤਰਸੇਮ ਸਿੰਘ ਜੀ ਵੱਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਨਵੀਂ ਪੰਥਕ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਪੰਥ-ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਹੱਲ ਹੋਣ ਦੀ ਥਾਂ ਹੋਰ ਤੀਬਰਤਾ ਨਾਲ ਪੰਥ ਨੂੰ ਦਰਪੇਸ਼ ਹੋ ਰਹੀਆਂ ਹਨ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਬੀਤੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਐਲਾਨ ਕੀਤਾ ਸੀ ਕਿ ਉਹ ਜਲਦੀ ਹੀ ਨਵੀਂ ਸਿਆਸੀ ਪਾਰਟੀ ਬਣਾਉਣ ਜਾ ਰਹੇ ਹਨ। ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਦੀ ਆਵਾਜ਼ ਕੋਈ ਨਹੀਂ ਉਠਾਉਂਦਾ, ਇਸ ਲਈ ਉਹ ਖ਼ੁਦ ਆਵਾਜ਼ ਉਠਾਉਣਗੇ। ਅੰਮ੍ਰਿਤਪਾਲ ਸਿੰਘ ਦੀ ਮਾਤਾ ਅਨੁਸਾਰ ਪੰਜਾਬ ਦੀ ਜਵਾਨੀ ਨੂੰ ਬਚਾਉਣਾ ਜ਼ਰੂਰੀ ਹੈ, ਇਸੇ ਲਈ ਉਹ ਨਵੀਂ ਪਾਰਟੀ ਬਣਾਉਣਾ ਚਾਹੁੰਦੇ ਹਨ। ਜ਼ਿਕਰ ਕਰ ਦਈਏ ਕਿ ਐਮਪੀ ਅੰਮ੍ਰਿਤਪਾਲ ਸਿੰਘ ਉੱਤੇ ਮਾਰਚ 2023 ਵਿੱਚ ਐਨਐਸਏ ਦਾ ਦੋਸ਼ ਲਾਕੇ ਉਸਨੂੰ ਡਿਬਰੂਗੜ੍ਹ ਜੇਲ੍ਹ ਭੇਜਿਆ ਗਿਆ ਸੀ, ਇਸ ਵਾਰ ਫਿਰ ਐਨਐਸਏ ਇੱਕ ਸਾਲ ਲਈ ਵਧਾ ਦਿੱਤਾ ਗਿਆ ਸੀ। ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਹਨ, ਜਿਨ੍ਹਾਂ ਨੇ ਆਜ਼ਾਦ ਉਮੀਦਵਾਰ ਵਜੋਂ ਵੱਡੇ ਫਰਕ ਨਾਲ ਚੋਣ ਜਿੱਤੀ ਸੀ, ਪਰ ਇਸ ਦੇ ਬਾਵਜੂਦ ਉਨ੍ਹਾਂ 'ਤੇ ਐਨ.ਐਸ.ਏ ਦੇ ਦੋਸ਼ ਵੱਧ ਗਏ ਸਨ।

## ਲੁਧਿਆਣਾ 'ਚ ਸਾਈਬਰ ਠੱਗਾਂ ਦੇ ਗੈਂਗ ਦਾ ਪਰਦਾਫਾਸ਼, 2 ਗ੍ਰਿਫਤਾਰ, ਵਪਾਰੀ ਨਾਲ ਮਾਰੀ ਸੀ 7 ਕਰੋੜ ਦੀ ਠੱਗੀ

**ਲੁਧਿਆਣਾ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਪੁਲਿਸ ਨੇ ਐਤਵਾਰ (29 ਸਤੰਬਰ) ਨੂੰ ਅੰਤਰ-ਰਾਜੀ ਸਾਈਬਰ ਧੋਖਾਧੜੀ ਕਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਸ ਗਰੋਹ ਦੇ ਮੈਂਬਰਾਂ ਨੇ ਮਸ਼ਹੂਰ ਉਦਯੋਗਪਤੀ ਸ਼੍ਰੀਪਾਲ ਓਸਵਾਲ ਨਾਲ 7 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਸੀ। ਇਸ ਮਾਮਲੇ ਵਿੱਚ ਦੋ ਅਪਰਾਧੀ ਫੜੇ ਗਏ ਹਨ। ਇਸ ਦੇ ਨਾਲ ਹੀ ਇਸ ਗਿਰੋਹ ਦੇ ਹੋਰ ਮੈਂਬਰਾਂ ਦੀ ਭਾਲ ਕੀਤੀ ਜਾ ਰਹੀ ਹੈ। ਰਿਪੋਰਟ ਦੇ ਅਨੁਸਾਰ, ਲੁਧਿਆਣਾ ਦੇ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਕਿਹਾ, "ਦੋ ਸਾਈਬਰ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ



ਗਿਆ ਹੈ ਤੇ ਉਨ੍ਹਾਂ ਤੋਂ 5.25 ਕਰੋੜ ਰੁਪਏ ਬਰਾਮਦ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਗਿਰੋਹ ਦੇ 7 ਹੋਰ ਮੈਂਬਰਾਂ ਦੀ ਪਛਾਣ ਕੀਤੀ ਗਈ ਹੈ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਗਿਰੋਹ ਦੇ ਸਾਰੇ ਨੌਂ ਮੈਂਬਰ ਆਸਾਮ ਅਤੇ ਪੱਛਮੀ ਬੰਗਾਲ ਦੇ ਵਸਨੀਕ ਹਨ। ਧੋਖੇਬਾਜ਼ਾਂ ਨੇ ਸਨਅਤਕਾਰ ਦੇ ਵੱਖ-ਵੱਖ ਬੈਂਕ ਖਾਤਿਆਂ 'ਚੋਂ 7 ਕਰੋੜ ਰੁਪਏ ਕਢਵਾ ਕੇ ਵਰਧਮਾਨ ਗਰੁੱਪ ਦੇ ਮਾਲਕ ਐਸਪੀ ਓਸਵਾਲ ਨਾਲ ਠੱਗੀ ਮਾਰੀ ਹੈ। ਪੁਲਿਸ ਨੇ ਕਿਹਾ ਕਿ ਉਨ੍ਹਾਂ ਵਿੱਚੋਂ ਇੱਕ ਨੇ ਆਪਣੇ ਆਪ ਨੂੰ ਸੀਬੀਆਈ ਅਧਿਕਾਰੀ ਵਜੋਂ ਪੇਸ਼ ਕੀਤਾ ਅਤੇ ਉਦਯੋਗਪਤੀ ਨੂੰ ਫਰਜ਼ੀ ਗ੍ਰਿਫਤਾਰੀ ਵਾਰੰਟ ਦਿਖਾਇਆ ਅਤੇ ਉਸਨੂੰ ਡਿਜੀਟਲ ਗ੍ਰਿਫਤਾਰੀ ਦੀ ਧਮਕੀ ਦਿੱਤੀ। ਪੁਲਿਸ ਦੇ ਸਾਈਬਰ ਸੈੱਲ ਨੇ ਕਾਰੋਬਾਰੀ ਓਸਵਾਲ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕਰ ਲਿਆ ਤੇ ਕਿਹਾ ਕਿ ਇਸ ਨੇ 48 ਘੰਟਿਆਂ 'ਚ ਮਾਮਲਾ ਸੁਲਝਾ ਲਿਆ ਹੈ। ਪੁਲਿਸ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਅਤਨੂ ਚੌਧਰੀ ਅਤੇ ਆਨੰਦ ਕੁਮਾਰ ਚੌਧਰੀ (ਦੋਵੇਂ ਵਾਸੀ ਗੁਹਾਟੀ, ਆਸਾਮ) ਵਜੋਂ ਹੋਈ ਹੈ। ਇੱਕ ਹਫ਼ਤੇ ਦੇ ਅੰਦਰ ਅਜਿਹੀ ਦੂਜੀ ਘਟਨਾ ਸਾਹਮਣੇ ਆਈ ਹੈ। ਇਸ ਤੋਂ ਪਹਿਲਾਂ ਇੱਕ ਸਥਾਨਕ ਉਦਯੋਗਪਤੀ ਨਾਲ ਕੁਝ ਧੋਖੇਬਾਜ਼ਾਂ ਵੱਲੋਂ 1.01 ਕਰੋੜ ਰੁਪਏ ਦੀ ਠੱਗੀ ਮਾਰੀ ਗਈ ਸੀ। ਰਜਨੀਸ਼ ਆਹੂਜਾ ਨੂੰ ਉਦੋਂ ਵੀ ਧੋਖਾ ਦਿੱਤਾ ਗਿਆ ਸੀ ਜਦੋਂ ਧੋਖੇਬਾਜ਼ਾਂ ਨੇ ਉਸ ਨੂੰ ਇਹ ਦਾਅਵਾ ਕਰਨ ਤੋਂ ਬਾਅਦ ਗ੍ਰਿਫਤਾਰੀ ਵਾਰੰਟ ਦੀ ਧਮਕੀ ਦਿੱਤੀ ਸੀ ਕਿ ਉਸ ਦੇ ਬੈਂਕ ਖਾਤੇ ਵਿੱਚ ਫਿਰੌਤੀ ਦੀ ਰਕਮ ਟਰਾਂਸਫਰ ਕੀਤੀ ਗਈ ਸੀ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।


Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net

---

ਦਮਦਮੀ ਟਕਸਾਲ

ਨਾਮ ਜਪੋ / Naam Japo
ਕਿਰਤ ਕਰੋ / Kirat Karo
ਵੰਡ ਛਕੋ / Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net

---

**ਆਵਾਜ਼ਿ ਕੌਮ**

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for **AWAZE QAUM** Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

-ਸੰਪਾਦਕ

---


24 SERVICE EVERYDAY HOURS

PURE AND NATURAL 100% VEGETARIAN

Enjoy Real Taste of PUNJAB

KD

FULLY A.C. HALL

**Khehra VAISHNO DHABA**

BREAKFAST
LUNCH
DINNER

**OUR SPECIALIZATION :** Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment


---

# ਪੰਜਾਬੀ

## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ

ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ

ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

**Learn Speak Read Write PUNJABI**




*ਸਾਬਤ ਸੂਰਤਿ ਦਸਤਾਰ ਸਿਰਾ*

**ਦਸਤਾਰਾਂ ਹੀ ਦਸਤਾਰਾਂ**



**ਰੰਧਾਵਾ ਪਗੜੀ ਸੈਂਟਰ**



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
**+91 98882-22446**

**ASA Gas Heating Solution Ltd.**

Boilers
Certificates
Gas Work
Cylinders
Maintenance Services

Gas Safety Inspections
Plumbing Work

Vaillant APPROVED INSTALLER
WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






## www.khalsaforge.com


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM International Newspaper & WEB TV
CALL US TO BOOK YOUR CSCS LEVEL ONE COURSE.
07715128621




# • ਪੁਰਜ਼ੋਰ ਅਪੀਲ •

ਦੇਸ਼ ਵਿਦੇਸ਼ ਵਿੱਚ ਵੱਸਦੀ ਸਮੂਹ ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤੀ ਹਕੂਮਤ ਦੇ ਹੁਕਮਾਂ ਤੇ ਸਿੱਖਾਂ ਦੇ ਪਾਵਨ ਪਵਿੱਤਰ ਅਸਥਾਨ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੇ ਧਾੜਵੀ ਬਣਕੇ ਆਕੇ ਟੈਂਕਾਂ ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੇ ਜਰਨਲ ਵੈਦਿਆ ਨੂੰ ਸੋਧਾ ਲਾਕੇ ਸਿੱਖ ਕੌਮ ਦੀ ਡਿੱਗੀ ਪੱਗ ਸਿਰ ਤੇ ਰੱਖਣ ਵਾਲੇ ਸੂਰਬੀਰ ਯੋਧੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਜੀ ਦੀ 32ਵੀਂ ਬਰਸੀ ਉਹਨਾਂ ਦੇ ਜੱਦੀ ਪਿੰਡ ਗੱਦਲੀ, ਜਿਲਾ ਅੰਮ੍ਰਿਤਸਰ ਵਿਖੇ 9 ਅਕਤੂਬਰ 2024 ਨੂੰ ਮਨਾਈ ਜਾ ਰਹੀ ਹੈ। ਆਪ ਸਭ ਨੇ ਆਪਣੇਂ ਕੀਮਤੀ ਰੁਝੇਵਿਆਂ ਚੋਂ ਸਮਾਂ ਕੱਢ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਬੇਨਤੀ ਕਰਤਾ :-

## ਭਾਈ ਭੁਪਿੰਦਰ ਸਿੰਘ ਗੱਦਲੀ

**(ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ)**


DHAN DHAN SRI GURU NANAK DEV JI'S
PARKASH PURAB
SANDWELL
NAGAR
KIRTAN
ਨਗਰ ਕੀਰਤਨ
SUNDAY 3 NOV 2024
GURDWARA GURU HAR RAI SAHIB JI START 9.00AM
George Street, West Bromwich
GURU NANAK GURDWARA 11.00AM
Edward Street, West Bromwich
GURDWARA AMRIT PARCHAR DHARMIK DIWAN 1.00PM
Birmingham Road, Oldbury
GURDWARA GURU MANEYO GRANTH 2.00PM
Popes Lane, Oldbury
GURDWARA BABA SANG 3.15PM
St Paul's Road, Smethwick
GURU NANAK GURDWARA SMETHWICK 4.00pm FINISH
High Street, Smethwick
ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਅਰੰਭਤਾ: ੯.੦੦ ਵਜੇ
ਜੋਰਜ ਸਟਰੀਟ ਵੈਸਟ ਬ੍ਰਮਵਿਚ
ਗੁਰੂ ਨਾਨਕ ਗੁਰਦੁਆਰਾ, ੧੧.੦੦ ਵਜੇ
ਏਡਵਰਡ ਸਟਰੀਟ ਵੈਸਟ ਬ੍ਰਮਵਿਚ
ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ ੧.੦੦ ਵਜੇ
ਬ੍ਰਮਿੰਘਮ ਰੋਡ, ਓਲਡਬਰੀ
ਗੁਰਦੁਆਰਾ ਗੁਰੂ ਮਾਨਯੋ ਗ੍ਰੰਥ ੨.੦੦ ਵਜੇ
ਪੋਪਸ ਲੇਨ, ਓਲਦਬਰੀ
ਗੁਰਦੁਆਰਾ ਬਾਬਾ ਸੰਗ ਜੀ ੩.੧੫ ਵਜੇ
ਸਟ. ਪੌਲਜ਼ ਰੋਡ, ਸਮੈਦਿਕ
ਗੁਰੂ ਨਾਨਕ ਗੁਰਦੁਆਰਾ ਸਮਾਪਤੀ: ੪.੦੦ ਵਜੇ
ਸਮੈਦਿਕ
ਆਵਾਜ਼ਿ ਕੌਮ
AWAZE QAUM
International Newspaper & WEB TV
GURU HAR RAI GURDWARA SAHIB - 0121 553 7219
GURU NANAK GURDWARA SMETHWICK - 0121 558 2527
GURDWARA AMRIT PARCHAR DHARMIK DIWAN OLDBURY
Gurdwara Guru Maneyo Granth OLDBURY
GURU NANAK GURDWARA SMETHWICK
The Council of Sikh Gurdwaras in Sandwell




### ਪਿੰਡ ਗਿਆਨਾ ਵਿਖੇ ਕਰਵਾਇਆ ਪੰਜ ਰੋਜ਼ਾ ਕ੍ਰਿਕਟ ਟੂਰਨਾਮੈਂਟ

# ਹਰੀਪੁਰਾ ਨੂੰ ਹਰਾ ਕੇ ਪਿੰਡ ਗਿਆਨਾ ਨੇ ਮਾਰੀ ਬਾਜ਼ੀ



**ਤਲਵੰਡੀ ਸਾਬੋ**, 30 **ਸਤੰਬਰ (ਗੁਰਜੰਟ ਸਿੰਘ ਨਥੇਹਾ)**- ਸੁਆਮੀ ਗੋਬਿੰਦ ਦਾਸ ਜੀ ਲੋਕ ਭਲਾਈ ਕੱਲਬ ਗਿਆਨਾ, ਮਹੰਤ ਭੋਲਾ ਦਾਸ ਜੀ ਬੋਰੀ ਵਾਲੇ, ਸੰਤ ਸੁਰੱਖਿਆ ਮਿਸ਼ਨ ਪੰਜਾਬ ਪ੍ਰਧਾਨ ਭਾਰਤ ਦੀ ਸਰਪਰਸਤੀ ਹੇਠ ਅਤੇ ਬਾਬਾ ਪ੍ਰਤਾਪ ਦਾਸ ਜੀ ਕਾਲੀ ਕੰਬਲੀ ਵਾਲੇ, ਯੂਥ ਕਲੱਬ ਗਿਆਨਾ ਅਤੇ ਗ੍ਰਾਮ ਪੰਚਾਇਤ ਗਿਆਨਾ ਦੇ ਸਹਿਯੋਗ ਨਾਲ ਪਿੰਡ ਗਿਆਨਾ ਵਿਖੇ 5 ਰੋਜ਼ਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿੱਚ ਵੱਖ-ਵੱਖ ਵਿੱਚੋਂ ਲਗਭਗ 48 ਟੀਮਾਂ ਨੇ ਸ਼ਮੂਲੀਅਤ ਕੀਤੀ। ਇਸ ਟੂਰਨਾਮੈਂਟ ਦਾ ਉਦਘਾਟਨ ਸੁਆਮੀ ਗੋਬਿੰਦ ਦਾਸ ਦੇ ਮਹੰਤ ਭੋਲਾ ਦਾਸ ਜੀ ਅਤੇ ਡੇਰਾ ਸਾਧੂ ਦਾਸ ਜੀ ਦੇ ਮਹੰਤ ਬਾਬਾ ਪ੍ਰਤਾਪ ਦਾਸ ਦੁਆਰਾ ਕੀਤਾ ਗਿਆ।ਪੰਜ ਦਿਨਾਂ ਕ੍ਰਿਕਟ ਟੂਰਨਾਮੈਂਟ ਵਿਚ ਟੀਮਾਂ ਦੇ ਸਖ਼ਤ ਮੁਕਾਬਲੇ ਹੋਏ ਉਥੇ ਰਾਜਸਥਾਨ ਦੇ ਪਿੰਡ ਹਰੀਪੁਰਾ ਅਤੇ ਮੇਜ਼ਬਾਨ ਟੀਮ ਗਿਆਨਾ ਦਾ ਮੁਕਾਬਲਾ ਹੋਇਆ ਜਿਹੜਾ ਕਿ ਸਖ਼ਤ ਅਤੇ ਬੜਾ ਰੌਚਕ ਰਿਹਾ। ਇਸ ਮੈਚ ਵਿਚ ਮੇਜ਼ਬਾਨ ਟੀਮ ਗਿਆਨਾ ਨੇ ਹਰੀਪੁਰਾ ਦੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਮਹੰਤ ਭੋਲਾ ਦਾਸ ਜੀ ਬੋਰੀ ਵਾਲਿਆਂ ਨੇ ਨੌਜਵਾਨਾਂ ਸੰਬੋਧਨ ਹੁੰਦਿਆਂ ਕਿਹਾ ਕਿ ਨਸ਼ਿਆਂ, ਲੜਾਈ ਝਗੜਿਆਂ ਤੋਂ ਬਚਕੇ ਖੇਡਾਂ ਵਿਚ ਵਧ ਚੜ੍ਹ ਕੇ ਸ਼ਮੂਲੀਅਤ ਕਰਿਆ ਕਰੋ ਜਿੱਥੇ ਨਸ਼ਿਆਂ ਤੋਂ ਬਚੋਗੇ ਉਥੇ ਸਿਹਤ ਵੀ ਤੰਦਰੁਸਤ ਰਹੇਗੀ। ਉਹਨਾਂ ਐਲਾਨ ਕਰਦਿਆਂ ਕਿ ਹਰ ਸਾਲ ਖੇਡ ਮੁਕਾਬਲੇ ਜਾਣਗੇ ਅਤੇ ਦੰਗਲ ਭਾਵ ਕਿ ਕੁਸ਼ਤੀਆਂ ਦੇ ਮੁਕਾਬਲੇ ਵੀ ਕਰਵਾਏ ਜਾਣਗੇ ਅਤੇ ਵੱਡੇ-ਵੱਡੇ ਇਨਾਮ ਵੰਡੇ ਜਾਣਗੇ। ਸਮਾਪਤੀ ਦੌਰਾਨ ਜੇਤੂ ਟੀਮਾਂ ਨੂੰ ਮਹੰਤ ਬਾਬਾ ਭੋਲਾ ਦਾਸ ਜੀ ਬੋਰੀ ਵਾਲੇ ਅਤੇ ਬਾਬਾ ਪ੍ਰਤਾਪ ਦਾਸ ਜੀ ਕਾਲੀ ਕੰਬਲੀ ਵਾਲਿਆਂ ਨੇ ਨਗਦ ਇਨਾਮ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਟੂਰਨਾਮੈਂਟ ਕਮੇਟੀ ਵੱਲੋਂ ਵੀ ਮਹੰਤ ਬਾਬਾ ਭੋਲਾ ਦਾਸ ਅਤੇ ਬਾਬਾ ਪ੍ਰਤਾਪ ਦਾਸ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸੋਨੀ ਪੁਰਬਾ, ਵਿੱਕੀ, ਨਾਹਰਾ, ਰੱਖਾ, ਬਬਲ, ਗੋਰੀ, ਭਾਗਾ, ਨਿੰਮਾ ਲੱਭੀ, ਜੱਸੂ, ਡਾਕਟਰ ਬਿੰਦਾ, ਕਬੱਡੀ ਖਿਡਾਰੀ ਕਿਰਨਦੀਪ ਸਿੰਘ ਐਨ.ਆਰ.ਆਈ, ਸਾਬਕਾ ਸਰਪੰਚ ਹਰਭਗਤ ਸਿੰਘ ਗਿਆਨਾ ਆਦਿ ਨੇ ਹਾਜ਼ਰੀ ਭਰੀ।



ਆਵਾਜ਼ਿ ਕੌਮ AWAZE QAUM International Newspaper & WEB TV

## ਕੰਗਨਾ ਰਣੌਤ ਦਾ ਟੁਟਿਆ ਅਹੰਕਾਰ, 'ਐਮਰਜੈਂਸੀ' ਦੇ ਨਿਰਮਾਤਾ ਅਦਾਲਤੀ ਆਦੇਸ਼ ਮਗਰੋਂ ਫਿਲਮ 'ਚ ਬਦਲਾਅ ਕਰਨ ਨੂੰ ਹੋਏ ਸਹਿਮਤ




**ਨਵੀਂ ਦਿੱਲੀ 30 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:- ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਨੇ ਕੰਗਨਾ ਰਣੌਤ ਦੀ 'ਐਮਰਜੈਂਸੀ' ਨੂੰ ਯੂ /ਏ ਸਰਟੀਫਿਕੇਟ ਦੇ ਨਾਲ ਮਨਜ਼ੂਰੀ ਦੇ ਦਿੱਤੀ ਹੈ ਪਰ ਫਿਲਮ 'ਚ ਲਗਭਗ 13 ਕਟੌਤੀ ਕਰਨ ਦਾ ਆਦੇਸ਼ ਦਿੱਤਾ ਹੈ। ਕੰਗਨਾ ਰਣੌਤ ਦੀ ਫਿਲਮ ਐਮਰਜੈਂਸੀ ਦੇ ਨਿਰਮਾਤਾਵਾਂ ਨੇ ਰਿਵਾਈਜ਼ਿੰਗ ਕਮੇਟੀ ਦੁਆਰਾ ਸਿਫਾਰਿਸ਼ ਕੀਤੀਆਂ ਤਬਦੀਲੀਆਂ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਸੋਮਵਾਰ ਨੂੰ ਸੁਣਵਾਈ ਦੌਰਾਨ, ਜ਼ੀ ਸਟੂਡੀਓਜ਼ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਨੇ ਬੰਬੇ ਹਾਈ ਕੋਰਟ ਨੂੰ ਸੂਚਿਤ ਕੀਤਾ ਕਿ ਫਿਲਮ ਨਿਰਮਾਤਾ ਕਮੇਟੀ ਦੁਆਰਾ ਪ੍ਰਸਤਾਵਿਤ ਸੋਧਾਂ ਲਈ ਸਹਿਮਤ ਹੋ ਗਏ ਹਨ। ਰਿਪੋਰਟ ਵਿੱਚ ਅੱਗੇ ਕਿਹਾ ਗਿਆ ਹੈ ਕਿ ਨਿਰਮਾਤਾਵਾਂ ਨੇ ਸੀਬੀਐਫਸੀ ਦੁਆਰਾ ਸੁਝਾਏ ਗਏ ਬਦਲਾਵਾਂ ਨੂੰ ਲਾਗੂ ਕਰਨ ਦੀ ਰੂਪ ਰੇਖਾ ਪੇਸ਼ ਕੀਤੀ ਸੀ, ਜੋ ਹੁਣ ਬੋਰਡ ਦੇ ਜਵਾਬ ਦੀ ਉਡੀਕ ਕਰ ਰਿਹਾ ਹੈ। ਐਮਰਜੈਂਸੀ ਪਹਿਲਾਂ ਪਿਛਲੇ ਮਹੀਨੇ ਰਿਲੀਜ਼ ਹੋਣੀ ਸੀ, ਪਰ ਸਰਟੀਫਿਕੇਸ਼ਨ ਨਾਲ ਜੁੜੇ ਮੁੱਦਿਆਂ ਕਾਰਨ ਫਿਲਮ ਦੀ ਲਾਂਚਿੰਗ ਲੇਟ ਹੋ ਗਈ ਹੈ। ਇਸ ਦੌਰਾਨ, ਕੰਗਨਾ ਨੇ ਇਹ ਵੀ ਖੁਲਾਸਾ ਕੀਤਾ ਕਿ ਸੈਂਸਰ ਸਰਟੀਫਿਕੇਟ ਪ੍ਰਾਪਤ ਕਰਨ ਵਿੱਚ ਦੇਰੀ ਕਾਰਨ ਫਿਲਮ ਦੀ ਰਿਲੀਜ਼ ਮੁਲਤਵੀ ਹੋਣ ਤੋਂ ਬਾਅਦ ਉਸਨੂੰ ਮੁੰਬਈ ਵਿੱਚ ਆਪਣੀ ਜਾਇਦਾਦ ਵੇਚਣੀ ਪਈ । ਉਨ੍ਹਾਂ ਦਾ ਬਾਂਦਰਾ ਦਾ ਬੰਗਲਾ 32 ਕਰੋੜ ਰੁਪਏ 'ਚ ਵੇਚਿਆ ਗਿਆ ਸੀ। ਉਸਨੇ ਇਹ ਜਾਇਦਾਦ 2017 ਵਿੱਚ 20.7 ਕਰੋੜ ਰੁਪਏ ਵਿੱਚ ਖਰੀਦੀ ਸੀ। ਜਿਕਰਯੋਗ ਹੈ ਕਿ ਇਸ ਫਿਲਮ ਅੰਦਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇਆ ਦੀ ਕਿਰਦਾਰਕੁਸ਼ੀ ਕਰਣ ਦੇ ਨਾਲ ਸਿੱਖਾਂ ਨੂੰ ਗਲਤ ਰੂਪ ਵਿਚ ਪੇਸ਼ ਕੀਤਾ ਗਿਆ ਹੈ ਜਿਸ ਕਰਕੇ ਸਿੱਖ ਜਗਤ ਵਲੋਂ ਹੋਏ ਵਿਰੋਧ ਨੂੰ ਦੇਖਦਿਆਂ ਫਿਲਮ ਬੋਰਡ ਨੇ ਇਸ ਨੂੰ ਸਰਟੀਫਿਕੇਟ ਦੇਣ ਤੇ ਰੋਕ ਲਗਾ ਦਿੱਤੀ ਸੀ ਤੇ ਹੁਣ ਫਿਲਮ ਵਿੱਚੋ ਵਿਵਾਦਿਤ ਦ੍ਰਿਸ਼ ਹਟਾਣ ਉਪਰੰਤ ਫਿਲਮ ਨੂੰ ਰਿਲੀਜ਼ ਕੀਤੇ ਜਾਣ ਬਾਰੇ ਕਿਹਾ ਹੈ । ਬੰਬੇ ਅਦਾਲਤ ਅੰਦਰ ਚਲ ਰਹੇ ਮਾਮਲੇ 'ਤੇ ਅਗਲੀ ਸੁਣਵਾਈ ਵੀਰਵਾਰ, 3 ਅਕਤੂਬਰ ਨੂੰ ਹੋਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਫ੍ਰੀ ਪਰਿਵਾਰ ਪਰਾਮਰਸ਼ ਕੇਂਦਰ ਅਤੇ ਜਨ ਕਲਿਯਾਨ ਸੰਗਠਨ ਵੱਲੋਂ

# 'ਸਮਾਜ ਨੂੰ ਪ੍ਰਦੂਸ਼ਿਤ ਕਰਦਾ ਕਰਵਾਇਆ ਵਿਦੇਸ਼ੀ ਪਹਿਨਾਵਾ' ਸੈਮੀਨਾਰ




**ਚੌਕ ਮਹਿਤਾ, 30 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਨੌਜਵਾਨ ਪੀੜੀ ਵੱਲੋਂ ਅਸ਼ਲੀਲ ਪਹਿਨਾਵੇ ਨੂੰ ਅਪਨਾਉਣ ਨਾਲ ਸਮਾਜ ਉਪਰ ਹੋਣ ਵਾਲੇ ਖਤਰਾਨ ਪਰਿਨਾਮਾਂ ਤੋਂ ਜਾਣੂ ਕਰਵਾਉਣ ਦੇ ਉਦੇਸ਼ ਕਾਰਨ ਫ੍ਰੀ ਪਰਿਵਾਰ ਪਰਾਮਰਸ਼ ਕੇਂਦਰ ਅਤੇ ਜਨ ਕਲਿਯਾਨ ਸੰਗਠਨ ਵੱਲੋਂ "ਸਮਾਜ ਨੂੰ ਪ੍ਰਦੂਸ਼ਿਤ ਕਰਦਾ ਵਿਦੇਸ਼ੀ ਪਹਿਨਾਵਾ" ਸੈਮਿਨਾਰ ਡਾ. ਸਵਰਾਜ ਗਰੋਵਰ ਦੀ ਅਗਵਾਈ ਹੇਠ ਕਰਵਾਇਆ ਗਿਆ। ਜਿਸ ਵਿੱਚ ਡੀ.ਏ.ਵੀ ਕਾਲਜ ਦੇ ਹਿੰਦੀ ਵਿਭਾਗ ਦੇ ਮੁੱਖੀ ਡਾ. ਪ੍ਰੋ ਕਿਰਨ ਖੰਨਾ, ਅਜੀਤ ਵਿਧਾਲਯ ਪ੍ਰਿੰਸੀਪਲ ਰਮਾ ਮਹਾਜਨ, ਯੋਗ ਮੁੱਖੀ ਸੁਨੀਤਾ ਮਹਾਜਨ ਇਸ ਮੈਮਿਨਾਰ ਵਿੱਚ ਮੁੱਖ ਮਹਿਮਾਨ ਸਨ। ਡਾ. ਸਵਰਾਜ ਗਰੋਵਰ ਨੇ ਕਿਹਾ ਕਿ ਸ਼ਰਮ ਅਤੇ ਲਾਜ ਨਾਰੀ ਦਾ ਗਹਿਣਾ ਹੈ ਸਾਦਾ ਪਹਿਰਾਵਾ ਗੋਰਵਸ਼ਾਲੀ ਭਾਰਤੀ ਨਾਰੀ ਦੀ ਪਹਿਚਾਨ ਹੈ। ਨੌਜਵਾਨ ਪੀੜੀ ਵੱਲੋਂ ਵਿਦੇਸ਼ੀ ਅਸ਼ਲੀਲ ਪਹਿਨਾਵੇ ਨੂੰ ਅਪਣਾਉਣਾ ਸੰਸਕ੍ਰਿਤੀ ਤੇ ਗਹਿਰਾ ਦਾਗ ਹੈ ਜਿਸ ਨੂੰ ਰੋਕਣਾ ਜਰੂਰੀ ਹੈ। ਡਾ. ਕਿਰਨ ਖੰਨਾ ਨੇ ਕਿਹਾ ਕਿ ਬੱਚਿਆਂ ਨੂੰ ਸੰਸਕਾਰਿਤ ਕਰਨਾ ਮਾਂ ਦੀ ਜਿਮੇਦਾਰੀ ਹੈ। ਉਹ ਆਪਣੇ ਬੱਚਿਆਂ ਨੂੰ ਭਾਰਤੀ ਪਹਿਨਾਵੇ ਦੇ ਲਈ ਪ੍ਰੇਰਿਤ ਕਰੇ।ਸ਼੍ਰੀਮਤੀ ਰਮਾ ਮਹਾਜਨ ਨੇ ਦੱਸਿਆ ਕਿ ਪਹਿਨਾਵਾ ਨਾਰੀ ਦਾ ਆਇਨਾ ਹੈ। ਉਸ ਦਾ ਪੂਰੀ ਤਰਾਂ ਢੱਕੇ ਹੋਣਾ ਹੀ ਜਰੂਰੀ ਹੈ। ਸ਼੍ਰੀਮਤੀ ਸੁਨੀਤਾ ਮਹਾਜਨ ਨੇ ਕਿਹਾ ਕਿ ਮੋਬਾਇਲ, ਫੈਸ਼ਨ ਸ਼ੋ, ਟੀ.ਵੀ. ਆਦਿ ਇਸ ਅਸ਼ਲੀਲ ਪਹਿਨਾਵੇ ਦੇ ਲਈ ਦੋਸ਼ੀ ਹਨ। ਬੱਚਿਆਂ ਨੂੰ ਪ੍ਰੇਰਕ ਸਾਹਿਤਯ ਪੜਨ ਦੇ ਲਈ ਸਲਾਹ ਦਿੱਤੀ ਜਾਵੇ। ਡਾਲੀ ਭਾਟਿਆ, ਹਿੰਦੂ ਕਾਲਜ ਦੀ ਡਾ. ਪ੍ਰੋ ਦਿੱਪਤੀ, ਵੀਨਾ ਮਹਾਜਨ, ਇੰਦਰਾ ਧਵਨ, ਸਤਵਿੰਦਰ ਕੌਰ, ਰੰਜਨਾ ਨਇਰ, ਮੰਜੀਤ ਠਿੰਡ ਨੇ ਕਿਹਾ ਕਿ ਪੱਛਮੀ ਦੇਸ਼ ਸਾਡੀ ਭਾਰਤੀ ਪਰਮਪਰਾ ਅਤੇ ਪਹਿਨਾਵੇ ਨੂੰ ਅਪਨਾ ਰਹੇ ਹਨ ਜਿਸ ਤੋਂ ਸਾਡੀ ਨੌਜਵਾਨ ਪੀੜੀ ਨੂੰ ਪ੍ਰੇਰਨਾ ਲੈ ਕੇ ਆਪਣੀ ਪਰਮਪਰਾ ਨੂੰ ਅਪਨਾਉਣਾ ਚਾਹੀਦਾ ਹੈ। ਪ੍ਰਿੰਸੀਪਲ ਵੀਨਾ ਕਪੂਰ, ਸਰੋਜ ਚਾਵਲਾ, ਨੀਤਾ ਅਹੂਜਾ, ਰਮਾ ਬੰਸਲ, ਉਸ਼ਾ ਸ਼ਰਮਾ, ਕਾਜਲ ਯਾਦਵ ਅਤੇ ਗੋਰੀ ਨੇ ਕਿਹਾ ਕਿ ਪਰਿਵਾਰ, ਸਮਾਜ, ਸਰਕਾਰ, ਮਿਡਿਆ ਨੂੰ ਅਗੇ ਵੱਦ ਕੇ ਇਸ ਪਹਿਰਾਵੇ ਨੂੰ ਰੋਕਣ ਦਾ ਸੰਕਲਪ ਲੈਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਦੁਸ਼ਕਰਮ, ਚਰਿਤਰ-ਹਿੰਨਤਾ, ਪਰਿਵਾਰਕ ਨੁਕਸਾਨ, ਹੱਤਿਆ ਅਦਿ ਹਰਰੋਜ ਦੇਸ਼ ਦੀਆਂ ਜੜਾ ਨੂੰ ਜਹਿਰੀਲਾ ਬਣਾ ਰਹੇ ਹਨ ਇਸ ਮੌਕੇ ਸਾਰਿਆ ਨੇ ਇਸ ਪਹਿਰਾਵੇ ਨੂੰ ਰੋਕਣ ਦਾ ਸੰਕਲਪ ਲਿਆ।

### ਆਪਣੇ ਦਿਲ ਨੂੰ ਤੰਦਰੁਸਤ ਰੱਖਣ ਲਈ

# ਰੋਜਾਨਾ ਕਸਰਤ ਕਰੋ : ਡਾ ਕਿਰਨਦੀਪ ਕੌਰ



**ਚੌਕ ਮਹਿਤਾ, 30 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਸਰਜਨ ਡਾ ਕਿਰਨਦੀਪ ਕੌਰ ਦੀ ਪ੍ਰਧਾਨਗੀ ਹੇਠਾਂ ਦਫਤਰ ਸਿਵਲ ਸਰਜਨ ਵਿਖੇ "ਵਿਸ਼ਵ ਦਿਲ ਦਿਵਸ" ਮਨਾਇਆ ਗਿਆ। ਇਸ ਅਵਸਰ ਤੇ ਉਹਨਾਂ ਵਲੋਂ ਇੱਕ ਜਾਗਰੁਕਤਾ ਪੋਸਟਰ ਰਲੀਜ ਕੀਤਾ ਗਿਆ। ਇਸ ਪੋਸਟਰ ਵਿਚ ਆਪਣੇ ਦਿਲ ਨੂੰ ਤੰਦਰੁਸਤ ਰੱਖਣ ਲਈ ਸਾਰੇ ਜਰੂਰੀ ਨੁਕਤਿਆਂ ਪ੍ਰਤੀ ਜਾਗਰੂਕ ਕੀਤਾ ਗਿਆ ਹੈ। ਇਸ ਅਵਸਰ ਤੇ ਸੰਬੋਧਨ ਕਰਦਿਆਂ ਸਿਵਲ ਸਰਜਨ ਨੇ ਕਿਹਾ ਇੱਕ ਅੰਕੜੇ ਅਨੁਸਾਰ ਭਾਰਤ ਵਿਚ ਹਰ ਸਾਲ ਤਕਰੀਬਨ 2 ਲੱਖ ਤੋਂ ਵੱਧ ਲੋਕਾ ਦੀ ਦਿਲ ਦੀ ਸਰਜਰੀ ਹੋ ਰਹੀ ਹੈ ਤੇ ਹਰ ਸਾਲ 10% ਵਾਧਾ ਹੋ ਰਿਹਾ ਹੈ। ਉਨਾਂ ਨੇ ਕਿਹਾ ਕਿ ਸਾਨੂੰ ਹਰ ਦਿਨ 30-45 ਮਿੰਟ ਦੀ ਕਸਰਤ ਕਰਨੀ ਚਾਹੀਦੀ ਹੈ ਜਿਸ ਨਾਲ ਸ਼ਰੀਰ ਅਤੇ ਦਿਲ ਤੰਦਰੁਸਤ ਰਹਿੰਦਾ ਹੈ। ਜੇਕਰ ਆਪਣੇ ਦਿਲ ਨੂੰ ਬਿਮਾਰੀਆਂ ਤੋ ਬਚਾਉਣਾ ਹੈ ਤਾਂ ਸਾਨੂੰ ਆਪਣੇ ਜੀਵਨ ਵਿਚ ਸਿਹਤ ਪ੍ਰਤੀ ਚੰਗੀਆ ਆਦਤਾਂ ਨੂੰ ਅਪਣਾਓਣੀਆਂ ਚਾਹੀਦੀਆਂ ਹਨ, ਜਿਵੇਂ ਕਿ ਪੌਸ਼ਿਟਕ ਆਹਾਂਰ ਲੈਣਾਂ, ਆਪਣੇ ਸ਼ਰੀਰ ਦੇ ਭਾਰ ਦੇ ਮੁਤਾਬਿਕ ਕੈਲਰੀਸ ਦਾ ਸੇਵਨ ਕਰਨਾ, ਤਲੇ ਹੋਏ ਭੋਜਨ ਤੋਂ ਪਰਹੇਜ ਕਰਨਾਂ, ਬੱਲਡ ਪ੍ਰੈਸ਼ਰ ਅਤੇ ਸ਼ੂਗਰ ਨੂੰ ਕੰਟਰੋਲ ਵਿਚ ਰੱਖਣਾਂ, ਆਪਣੇ ਆਪ ਨੂੰ ਤਨਾਓ ਤੋਂ ਮੁਕਤ ਰੱਖਣਾਂ, ਤੰਬਾਕੂ ਅਤੇ ਸ਼ਰਾਬ ਦੀ ਵਰਤੋਂ ਤੋਂ ਪਰਹੇਜ ਕਰਨਾਂ, ਨਮਕ ਅਤੇ ਮਿੱਠੇ ਦੀ ਵਰਤੋਂ ਘੱਟ ਕਰਨਾਂ, 40 ਸਾਲ ਦੀ ਉਮਰ ਬਾਦ ਆਪਣਾ ਰੁਟੀਨ ਚੈਕਅਪ ਕਰਵਾਓਣਾਂ ਆਦਿ। ਇਸ ਤੋਂ ਇਲਾਵਾ ਕਦੇ ਵੀ ਸੈਲਫ ਮੈਡੀਕੇਸ਼ਨ ਜਾਂ ਆਪਣੇ ਆਪ ਦਵਾਈਆ ਦੀ ਵਰਤੋਂ ਨਹੀ ਕਰਨੀ ਚਾਹੀਦੀ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ ਰਜਿੰਦਰਪਾਲ ਕੌਰ, ਜਿਲਾ੍ ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ, ਜਿਲ੍ਹਾ ਟੀਕਾਕਰਨ ਅਫਸਰ ਡਾ ਭਾਰਤੀ ਧਵਨ, ਡਾ ਮਨਮੀਤ ਕੌਰ, ਡਾ ਹਰਜੋਤ ਕੌਰ, ਡਾ ਨਵਦੀਪ ਕੌਰ, ਡਾ ਰਘਵ ਗੁਪਤਾ, ਡਾ ਸੁਨੀਤ ਗੁਰਮ ਗੁਪਤਾ, ਡਾ ਵਨੀਤ ਕੌਰ ਜਿਲਾ੍ ਐਮ.ਈ.ਆਈ.ਓ ਅਮਰਦੀਪ ਸਿੰਘ, ਸਹਾਇਕ ਕਮਿਸ਼ਨਰ ਫੂਡ ਰਜਿੰਦਰਪਾਲ ਸਿੰਘ, ਸੁਪਰਡੈਂਟ ਰਾਜੀਵ ਕੁਮਾਰ, ਸੰਜੀਵ ਕੁਮਾਰ ਜਿਲਾ੍ ਅਕਾਂਓਟ ਅਫਸਰ ਮਲਵਿੰਦਰ ਸਿੰਘ, ਰਸ਼ਪਾਲ ਸਿੰਘ ਅਤੇ ਸਮੂਹ ਸਟਾਫ ਸ਼ਾਮਲ ਹੋਏ।

# ਬਾਬਾ ਮੇਜਰ ਸਿੰਘ ਸੋਢੀ ਦੇ ਭਰਾ ਦੀ ਮੌਤ ਤੇ ਕੀਤਾ ਦੁੱਖ ਦਾ ਪ੍ਰਗਟਾਵਾ

**ਚੌਕ ਮਹਿਤਾ, 30 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਬੀਤੇ ਦਿਨੀਂ 25 ਸਤੰਬਰ ਨੂੰ ਦਸਮੇਸ਼ ਤਰਨਾ ਦਲ ਦੇ ਮੁਖੀ ਜਥੇਦਾਰ ਮੇਜਰ ਸਿੰਘ ਸੋਢੀ ਦੇ ਵੱਡੇ ਭਰਾ ਮਨਜੀਤ ਸਿੰਘ ਦੀ ਹਾਰਟ ਅਟੈਕ ਨਾਲ ਮੌਤ ਹੋ ਗਈ ਸੀ। ਇਸ ਮੌਕੇ ਸੂਬੇਦਾਰ ਹਰਜੀਤ ਸਿੰਘ ਬਾਬਾ ਬਕਾਲਾ ਸਾਹਿਬ ਮੁਖੀ ਗੁਰੂ ਕੇ ਬੇਟੇ ਸਮਾਜ ਸੁਧਾਰ ਮਿਸਨ ਪੰਜਾਬ, ਮਨਜੀਤ ਸਿੰਘ ਨਾਹਰ, ਮਨਜੀਤ ਸਿੰਘ ਮਲਿਕ ਨੰਗਲ, ਗੁਰਮੀਤ ਸਿੰਘ ਵਡਾਲਾ,ਸਰਵਣ ਸਿੰਘ ਧਰਦਿਉ,ਭਜਨ ਸਿੰਘ ਪ੍ਰਧਾਨ,ਮੰਗਲ ਸਿੰਘ ਗੱਗੜਭਾਣਾ, ਸੂਬੇਦਾਰ ਕੁਲਵੰਤ ਸਿੰਘ ਰੁਮਾਣਾ ਚੱਕ, ਰਣਜੀਤ ਸਿੰਘ, ਜਸਵਿੰਦਰ ਸਿੰਘ, ਰਣਜੀਤ ਸਿੰਘ ਬਾਬਾ ਬਕਾਲਾ ਸਾਹਿਬ, ਬਲਜੀਤ ਸਿੰਘ ਮਲਿਕ ਨੰਗਲ, ਸੁਰਜੀਤ ਸਿੰਘ ਬਾਬਾ ਬਕਾਲਾ ਸਾਹਿਬ,ਚੈਂਚਲ ਸਿੰਘ ਬਾਬਾ ਬਕਾਲਾ ਸਾਹਿਬ, ਪ੍ਰੋਫੈਸਰ ਸੰਤੋਖ ਸਿੰਘ ਕਾਜਮ ਪੁਰ, ਜਸਵੰਤ ਸਿੰਘ ਫੌਜੀ ਧਰਦਿਉ,ਮੇਜਰ ਸਿੰਘ ਧਰਦਿਉ ਨੇ ਬਾਬਾ ਮੇਜਰ ਸਿੰਘ ਸੋਢੀ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਜ਼ਿਕਰਯੋਗ ਹੈ ਕਿ ਭਾਈ ਮਨਜੀਤ ਸਿੰਘ ਦੇ ਅੰਤਿਮ ਅਰਦਾਸ ਅਤੇ ਨਮਿਤ ਪਾਠ ਦੇ ਭੋਗ ਗੁਰਦੁਆਰਾ ਗੁਰ ਸਾਗਰ ਸਾਹਿਬ ਗਿਆਨੀ ਨਰੈਣ ਸਿੰਘ ਵਿਖੇ 4 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਪਾਏ ਜਾਣਗੇ।



# ਅਕਾਲ ਯੂਨੀਵਰਸਿਟੀ ਵਿਖੇ ਮੁਦਰਾ ਨੀਤੀ ਦੀ ਗਤੀਸ਼ੀਲਤਾ: ਸਿਧਾਂਤ, ਅਭਿਆਸ ਅਤੇ ਉਭਰਦੀਆਂ ਚੁਣੌਤੀਆਂ' ਵਿਸ਼ੇ 'ਤੇ ਵੈਬੀਨਾਰ ਦਾ ਆਯੋਜਨ



**ਤਲਵੰਡੀ ਸਾਬੋ, 30 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਅਕਾਲ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਵਿਭਾਗ ਵੱਲੋਂ 'ਮੌਦਰਿਕ ਨੀਤੀ ਦੀ ਗਤੀਸ਼ੀਲਤਾ: ਸਿਧਾਂਤ, ਅਭਿਆਸ ਅਤੇ ਉਭਰਦੀਆਂ ਚੁਣੌਤੀਆਂ' ਵਿਸ਼ੇ 'ਤੇ ਵੈਬੀਨਾਰ ਦਾ ਸਫਲ ਆਯੋਜਨ ਕੀਤਾ ਗਿਆ, ਜਿਸ ਵਿੱਚ ਫੈਕਲਟੀ, ਵਿਦਿਆਰਥੀਆਂ, ਵਿਸ਼ੇ ਦੇ ਵਿਦਵਾਨਾਂ ਨੇ ਭਾਗੀਦਾਰੀ ਕੀਤੀ। ਸੈਸ਼ਨ ਦੀ ਸ਼ੁਰੂਆਤ ਡਾ. ਆਕਿਬ ਮੁਜਤਬਾ, ਅਸਿਸਟੈਂਟ ਪ੍ਰੋਫੈਸਰ, ਅਰਥ ਸ਼ਾਸਤਰ ਵਿਭਾਗ ਦੇ ਸੁਆਗਤੀ ਸ਼ਬਦਾਂ ਨਾਲ ਹੋਈ, ਜਿਨ੍ਹਾਂ ਨੇ ਸਮਾਗਮ ਦੇ ਪ੍ਰਬੰਧਕ ਵਜੋਂ ਵੀ ਅਹਿਮ ਭੂਮਿਕਾ ਨਿਭਾਈ। ਡਾ. ਮੁਜਤਬਾ ਨੇ ਵੈਬੀਨਾਰ ਦੀ ਥੀਮ ਪੇਸ਼ ਕੀਤੀ ਅਤੇ ਇੱਕ ਬਹੁਤ ਹੀ ਦਿਲਚਸਪ ਅਤੇ ਵਿਦਿਅਕ ਚਰਚਾ ਲਈ ਮੰਚਕ ਮਾਹੌਲ ਤਿਆਰ ਕੀਤਾ। ਡਾ. ਪਰਵੀਨ ਰਾਣੀ, ਸਹਾਇਕ ਪ੍ਰੋਫੈਸਰ ਅਤੇ ਅਰਥ ਸ਼ਾਸਤਰ ਵਿਭਾਗ ਦੇ ਮੁਖੀ ਨੇ ਮਹਿਮਾਨ ਬੁਲਾਰੇ ਦੀ ਜਾਣ ਪਛਾਣ ਕਰਵਾਈ। ਇਸ ਸੈਸ਼ਨ ਨੇ ਵਿਸ਼ੇ ਦੀ ਸਿਧਾਂਤਕ ਬੁਨਿਆਦ, ਵਿਹਾਰਕ ਉਲਝਣਾਂ, ਅਤੇ ਦੇਸ਼ ਨੂੰ ਦਰਪੇਸ਼ ਉਭਰਦੀਆਂ ਚੁਣੌਤੀਆਂ 'ਤੇ ਧਿਆਨ ਕੇਂਦਰਤ ਕਰਦੇ ਹੋਏ ਭਾਰਤ ਵਿੱਚ ਮੁਦਰਾ ਨੀਤੀ ਦੇ ਵਿਕਾਸਸ਼ੀਲ ਲੈਂਡਸਕੇਪ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕੀਤੀ। ਇਸ ਸਮਾਗਮ ਦੇ ਮਾਹਿਰ ਬੁਲਾਰੇ ਸ੍ਰੀ ਤਨਵੀਰ ਅਹਿਮਦ ਖਾਨ (ਆਈ.ਈ.ਐਸ.), ਵਿੱਤ ਮੰਤਰਾਲੇ, ਭਾਰਤ ਸਰਕਾਰ ਦੇ ਸਹਾਇਕ ਡਾਇਰੈਕਟਰ ਸਨ। ਆਪਣੇ ਵਿਆਪਕ ਤਜ਼ਰਬੇ ਅਤੇ ਆਰਥਿਕ ਨੀਤੀ ਦੇ ਡੂੰਘੇ ਗਿਆਨ ਦੇ ਨਾਲ ਖਾਨ ਸਾਹਿਬ ਨੇ ਮੁਦਰਾ ਨੀਤੀ ਦੇ ਮੁੱਖ ਪਹਿਲੂਆਂ ਨੂੰ ਕੁਸ਼ਲਤਾ ਨਾਲ ਪੇਸ਼ ਕੀਤਾ। ਉਹਨਾਂ ਨੇ ਸਿਧਾਂਤਕ ਢਾਂਚੇ ਅਤੇ ਭਾਰਤ ਵਿੱਚ ਵਰਤਮਾਨ ਨੀਤੀਆਂ ਦੋਵਾਂ ਬਾਰੇ ਜਾਣਕਾਰੀ ਦਿੱਤੀ। ਮਿਸਟਰ ਖਾਨ ਦੁਆਰਾ ਪੇਸ਼ ਲੈਕਚਰ ਤੋਂ ਬਾਅਦ ਸੈਸ਼ਨ ਦਾ ਰੁਖ ਸਵਾਲਾਂ ਅਤੇ ਜਵਾਬਾਂ ਹਿੱਸੇ ਵੱਲ ਹੋ ਗਿਆ, ਜੋ ਕਿ ਵੈਬੀਨਾਰ ਦੇ ਸਭ ਤੋਂ ਵੱਧ ਮਹੱਤਵਪੂਰਨ ਭਾਗਾਂ ਵਿੱਚੋਂ ਇੱਕ ਸਾਬਤ ਹੋਇਆ। ਸਪੀਕਰ ਨੇ ਹਰੇਕ ਸਵਾਲ ਨੂੰ ਸਪੱਸ਼ਟ ਕੀਤਾ, ਜਿਸ ਨਾਲ ਸੈਸ਼ਨ ਦੇ ਸਾਰੇ ਭਾਗੀਦਾਰਾਂ ਨੂੰ ਬੌਧਿਕ ਲਾਭ ਹੋਇਆ। ਸਮਾਪਤੀ ਟਿੱਪਣੀ ਦੌਰਾਨ ਡਾ. ਪਰਵੀਨ ਰਾਣੀ ਨੇ ਵੈਬੀਨਾਰ ਨੂੰ ਸਫਲ ਬਣਾਉਣ ਲਈ ਬੁਲਾਰਿਆਂ, ਵਿਦਿਆਰਥੀਆਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

# ਨਵੀਂ ਪੀੜ੍ਹੀ ਲਈ ਪ੍ਰੇਰਨਾ ਸ੍ਰੋਤ ਹੈ ਸਾਰਦਾ ਚੌਪੜਾ ਜੀ ਦਾ ਜੀਵਨ ਪਰਿਵਾਰ ਨੇ ਮਨਾਇਆ 90ਵਾਂ ਜਨਮਦਿਨ




**ਚੌਕ ਮਹਿਤਾ, 30 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )** - ਸਥਾਨਕ ਕਨੇਡੀ ਐਵਿਨਿਉ ਅੰਮ੍ਰਿਤਸਰ ਦੀ ਵਸਨੀਕ 90 ਸਾਲਾਂ ਸ਼੍ਰੀਮਤੀ ਸਾਰਦਾ ਚੌਪੜਾ ਦੇ ਪੋਤਰਿਆਂ ਅਤੇ ਦੋਹਤਿਆਂ ਵੱਲੋਂ ਵਿਸ਼ੇਸ਼ ਤੌਰ 'ਤੇ ਅੰਮ੍ਰਿਤਸਰ ਆ ਕੇ ਉਨ੍ਹਾਂ ਦਾ 90 ਵਾਂ ਜਨਮ ਦਿਨ ਮਨਾਇਆ।ਉਨ੍ਹਾਂ ਦੇ ਪਰਿਵਾਰਿਕ ਮੈਬਰਾਂ ਵੱਲੋਂ ਬੜੀ ਮਿਹਨਤ ਨਾਲ ਉਨ੍ਹਾਂ ਦੀਆਂ ਪਿਛਲੀਆਂ ਯਾਦਾਂ ਫੋਟੋਆਂ ਅਤੇ ਵੀਡਿਓ ਦੇ ਰੂਪ ਵਿੱਚ ਇਕੱਠੀਆਂ ਕਰਕੇ ਸਾਰਿਆਂ ਨੂੰ ਸਕਰੀਨ ਤੇ ਦਿਖਾਈਆਂ ਗਈਆਂ।ਸਾਰਦਾ ਚੌਪੜਾ ਨੇ ਸਮਾਜ ਸੇਵੀਂ ਕਾਰਜਾਂ ਵਿੱਚ ਵੱਧ ਚੜ੍ਹਕੇ ਹਿੱਸਾ ਲਿਆ ਹੈ ਉਨ੍ਹਾਂ ਨੇ ਔਰਤਾਂ ਦੀ ਭਲਾਈ ਅਤੇ ਉਨ੍ਹਾ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕੀਤੇ ਹਨ ਉਨ੍ਹਾ ਨੇ ਅਪਣੇ ਸਮੇਂ ਵਿੱਚ ਲੋੜਵੰਦ ਲੜਕੀਆਂ ਨੂੰ ਪੜ੍ਹਾਇਆ,ਅਪਣੇ ਪੈਰਾਂ ਤੇ ਖੜ੍ਹਾ ਕਰਨ ਲਈ ਉਨ੍ਹਾ ਨੂੰ ਪੜ੍ਹਾਈ ਦੇ ਨਾਲ ਨਾਲ ਸਿਲਾਈ,ਕਢਾਈ,ਪੇਂਟਿੰਗ ਅਤੇ ਹੋਰ ਕੋਈ ਕੋਰਸਾਂ ਦੀ ਟ੍ਰੇਨਿੰਗ ਦਿਵਾਈ ਜਿਸ ਨਾਲ ਲੜ੍ਹਕੀਆਂ ਅਪਣੇ ਪੈਰਾਂ 'ਤੇ ਖੜ੍ਹੀਆਂ ਹੋ ਸਕਣ ਇਸਦੇ ਨਾਲ ਹੀ ਉਹ ਸਮਾਜਿਕ ਕੁਰੀਤੀਆਂ ਜਿਵੇਂ ਨਸ਼ੇ,ਦਹੇਜ਼ ਪ੍ਰਥਾ,ਭ੍ਰਿਸ਼ਟਾਚਾਰ,ਅੰਧਵਿਸ਼ਵਾਸ਼,ਭਰੂਣ ਹੱਤਿਆ,ਅੰਨਪੜ੍ਹਤਾ ਆਦਿ ਵਿਰੁੱਧ ਵੀ ਲੋਕਾਂ ਨੂੰ ਜਾਗਰੂਕ ਕੀਤਾ।ਉਨ੍ਹਾਂ ਨੇ ਲੜ੍ਹਕੀਆਂ ਨੂੰ ਆਤਮ ਨਿਰਭਰ ਬਣਨ ਲਈ ਉਦੋਂ ਪ੍ਰੇਰਿਤ ਕੀਤਾ ਜਦੋਂ ਲੋਕ ਬੱਚੀਆਂ ਨੂੰ ਪੜ੍ਹਾਉਣ ਵਿੱਚ ਘੱਟ ਦਿਲਚਸਪੀ ਲੈਂਦੇ ਸਨ।ਸਾਰਦਾ ਚੌਪੜਾ ਜੀ ਦਾ ਜੀਵਨ ਨਵੀਂ ਪੀੜ੍ਹੀ ਲਈ ਪ੍ਰੇਰਨਾ ਸ੍ਰੋਤ ਹੈ ਜਿੰਨ੍ਹਾਂ ਨੇ ਕਦੇ ਹਾਰ ਨਹੀਂ ਮੰਨੀ ਅਤੇ ਲੋਕਾ ਦੀ ਸੋਚ ਬਦਲਣ ਵਿੱਚ ਅਪਣਾ ਯੋਗਦਾਨ ਪਾਇਆ।ਅੱਜ ਉਨ੍ਹਾਂ ਦੀ ਧੀ-ਜਵਾਈ, ਦੋਹਤੇ-ਪੋਤਰੇ ਸਾਰੇ ਵਿਸ਼ਵ ਵਿੱਚ ਵੱਖ-ਵੱਖ ਖੇਤਰਾਂ ਵਿੱਚ ਮੱਲ੍ਹਾਂ ਮਾਰ ਰਹੇ ਹਨ।ਇਸ ਮੌਕੇ ਉਨ੍ਹਾ ਦੇ ਰਿਸ਼ਤੇਦਾਰਾਂ ਵਿੱਚ ਵਿਸ਼ਵ ਪ੍ਰਸਿੱਧ ਰੇਡੀਓਲਿਸਟ ਡਾ.ਰਵੀ ਅਗਰਵਾਲ,ਡਾ.ਰਾਘਵ ਅਗਰਵਾਲ,ਅਜੂ ਅਗਰਵਾਲ,ਡਾ.ਵਿਸ਼ਾਲ ਅਗਰਵਾਲ,ਨੀਨਾ ਮੇਹਰਾ,ਵਿਪਨ ਮੇਹਰਾ,ਕਮਲੇਸ਼ ਬਹਿਲ,ਵੀਨਾ ਸਹਿਗਲ,ਡਾ.ਅਨਿਲ ਆਨੰਦ,ਵਿਸ਼ਵ ਪ੍ਰਸਿੱਧ ਹਾਰਟ ਸਰਜਨ ਡਾ.ਮੰਨਨ ਆਨੰਦ,ਸ਼੍ਰੀਮਤੀ ਬਿੰਦੂ ਆਨੰਦ ਆਦਿ ਤੋਂ ਇਲਾਵਾ ਵੱਡੀ ਸੰਖਿਆ ਵਿੱਚ ਦੇਸ਼ ਦੀਆਂ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸਿੱਖ ਸਮਾਜ ਮਹਾਰਾਸ਼ਟਰਾ ਵੱਲੋਂ ਮੁੰਬਈ ਵਿਖੇ 450 ਸਾਲਾਂ ਸ਼ਤਾਬਦੀਆ ਨੂੰ ਸਮਰਪਿਤ

# ਗੁਰਮਤਿ ਸਮਾਗਮ ਦਾ ਆਯੋਜਨ

## ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ 'ਚ ਹੋਏ ਸਮਾਗਮ 'ਚ ਮਹਾਰਾਸ਼ਟਰਾ ਦੇ ਉੱਪ ਮੁੱਖ ਮੰਤਰੀ ਨੇ ਵੀ ਕੀਤੀ ਸ਼ਮੂਲੀਅਤ











**ਚੌਂਕ ਮਹਿਤਾ, 30 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )** -ਮਹਾਰਾਸ਼ਟਰਾ ਦੇ ਸਮੂਹ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰ ਰਹੀ ਜਥੇਬੰਦੀ ਮਹਾਰਾਸ਼ਟਰਾ ਸਿੱਖ ਸਮਾਜ ਵੱਲੋਂ ਤੀਜੇ ਪਾਤਸ਼ਾਹ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਗੁਰਪੁਰਬ ਅਤੇ ਚੌਥੇ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾ ਗੱਦੀ ਗੁਰਪੁਰਬ ਦੀ 450 ਸਾਲਾਂ ਸ਼ਤਾਬਦੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮਾਂ ਦਾ ਆਯੋਜਨ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਸਿਡਕੋ ਐਗਜੀਬੀਸ਼ਨ ਸੈਂਟਰ ਵਾਸ਼ੀ ਨਵੀਂ ਮੁੰਬਈ ਵਿਖੇ ਕੀਤਾ ਗਿਆ ਜਿਸ ਵਿੱਚ ਪੰਥ ਪ੍ਰਸਿੱਧ ਢਾਡੀ ਅਤੇ ਰਾਗੀ ਜਥਿਆਂ ਸਮੇਤ ਮਹਾਰਾਸ਼ਟਰ ਦੇ ਸਮੁੱਚੇ ਗੁਰਦੁਆਰਾ ਸਾਹਿਬਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਮਹਾਰਾਸ਼ਟਰ ਦੇ ਸੰਤ ਮਹਾਂਪੁਰਖਾਂ ਨੇ ਸ਼ਮੂਲੀਅਤ ਕੀਤੀ।ਪੰਥ ਪ੍ਰਸਿੱਧ ਢਾਡੀ ਜਥਾ ਭਾਈ ਗੁਰਪ੍ਰੀਤ ਸਿੰਘ ਲਾਂਡਰਾਂ,ਰਾਗੀ ਸੰਤ ਅਨੂਪ ਸਿੰਘ ਊਨੇ ਵਾਲੇ ,ਭਾਈ ਮਨਪ੍ਰੀਤ ਸਿੰਘ ਕਾਨਪੁਰੀ ਦੇ ਰਾਗੀ ਜਥਿਆਂ ਨੇ ਇਕੱਤਰ ਸੰਗਤਾਂ ਨੂੰ ਗੁਰੂ ਜਸ ਰਾਹੀਂ ਨਿਹਾਲ ਕੀਤਾ। ਇਹਨਾਂ ਸਮਾਗਮਾਂ ਵਿੱਚ ਮਹਾਰਾਸ਼ਟਰਾ ਦੇ ਉੱਪ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਸ੍ਰੀ ਦਵਿੰਦਰ ਫੜਨਵੀਸ ਵਿਸ਼ੇਸ਼ ਤੌਰ ਤੇ ਪੁੱਜੇ।ਆਪਣੇ ਸੰਬੋਧਨ ਵਿੱਚ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਆਪਣੇ ਸੰਬੋਧਨ ਵਿੱਚ ਉਪ ਮੁੱਖ ਮੰਤਰੀ ਮਹਾਰਾਸ਼ਟਰਾ ਨੂੰ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਆਪਣੇ ਸੰਬੋਧਨ ਵਿੱਚ ਸਿੱਖਾਂ ਨੂੰ ਦੇਸ਼ ਅਤੇ ਸੂਬੇ ਵਿੱਚ ਪੇਸ਼ ਆ ਰਹੀਆਂ ਮੁਸ਼ਿਕਲਾਂ ਅਤੇ ਸਰਕਾਰ ਪ੍ਰਤੀ ਸਿੱਖ ਭਾਈਚਾਰੇ ਦੀਆਂ ਵਿਸ਼ੇਸ਼ ਮੰਗਾਂ ਤੋ ਜਾਣੂ ਕਰਵਾਇਆ।ਜਿੰਨ੍ਹਾਂ ਵਿੱਚ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਨੂੰ ਦੇਸ਼ ਦੇ ਵੱਡੇ ਸ਼ਹਿਰਾ ਨਾਲ ਜੋੜਨਾ ,ਸਿੱਖਾਂ ਨੂੰ ਸੱਚਖੰਡ ਸ਼੍ਰੀ ਹਜ਼ੂਰ ਸਾਹਿਬ ਬੋਰਡ ਵਿੱਚ ਖੁਦਮੁਖਤਿਆਰੀ ਅਤੇ ਬਣਦੀ ਨੁਮਾਇੰਦਗੀ ਦੇਣਾ ਮੁੰਬਈ ਵਿੱਚ ਸਿੱਖਾਂ ਲਈ ਕੋਈ ਵੱਡਾ ਮਾਨੋਰਿਟੀ ਵਿੱਦਿਅਕ ਅਦਾਰਾ, ਹਸਪਤਾਲ ਅਤੇ ਮੈਡੀਕਲ ਕਾਲਜ ਮੰਜੂਰ ਕਰਨਾ ਆਦਿ।ਉਪ ਮੁੱਖ ਮੰਤਰੀ ਸ੍ਰੀ ਦਵਿੰਦਰ ਫੜਨਵੀਸ ਨੇ ਆਪਣੇ ਸੰਬੋਧਨ ਵਿੱਚ ਬਾਬਾ ਹਰਨਾਮ ਸਿੰਘ ਖ਼ਾਲਸਾ ਨੂੰ ਭਰੋਸਾ ਦਿੱਤਾ ਕਿ ਉਹਨਾਂ ਵੱਲੋਂ ਜੋ ਪੱਤਰ ਮਹਾਰਾਸ਼ਟਰਾ ਦੇ ਸਮੁੱਚੇ ਸਿੱਖ ਭਾਈਚਾਰੇ ਵੱਲੋਂ ਸੌਂਪਿਆ ਗਿਆ ਹੈ ਉਸ ਉੱਪਰ ਹਰ ਹਾਲਤ ਵਿੱਚ ਵਿਚਾਰ ਕਰਦੇ ਹੋਏ ਸਰਕਾਰ ਸਿੱਖਾਂ ਦੇ ਪੱਖ ਵਿੱਚ ਜਲਦੀ ਹੀ ਫੈਸਲਾ ਲਵੇਗੀ।ਉਹਨਾਂ ਨੇ ਇਹ ਵੀ ਐਲਾਨ ਕੀਤਾ ਕਿ 2025 ਵਿੱਚ ਆ ਰਹੇ ਸਾਹਿਬ ਸ਼੍ਰੀ ਗੁਰੂ ਤੇਗ. ਬਹਾਦਰ ਸਹਿਬ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਨੂੰ ਵੀ ਮਹਾਰਾਸ਼ਟਰਾ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਦੇਸ਼ ਭਰ ਅਤੇ ਸੂਬੇ ਭਰ ਵਿੱਚ ਵੱਡੇ ਪੱਧਰ ਤੇ ਮਨਾਇਆ ਜਾਵੇਗਾ । ਇਸ ਸਮਾਗਮ ਵਿੱਚ ਪੂਰੇ ਸੂਬੇ ਤੋਂ ਵੱਖ ਵੱਖ ਸਿੰਘ ਸਭਾਵਾਂ , ਸਿੱਖ ਜਥੇਬੰਦੀਆਂ, ਸੇਵਕ ਜਥੇਆਂ ਅਤੇ ਵਿਅਕਤੀਗਤ ਸੇਵਾਵਾਂ ਕਰਨ ਵਾਲੀਆਂ ਸਖਸ਼ੀਅਤਾਂ ਵਲੋਂ ਸਮਾਗਮ ਦੀ ਸਫ਼ਲਤਾ ਲਈ ਆਪਣਾ ਵੱਡਾ ਯੋਗਦਾਨ ਪਾਇਆ। ਸਮਾਗਮ ਵਿੱਚ ਮਹਾਰਾਸ਼ਟਰ ਦੇ ਕੋਨੇ ਕੋਨੇ ਤੋਂ ਔਰੰਗਾਬਾਦ,ਨਾਸਿਕ,ਨਾਂਦੇੜ ਸਾਹਿਬ,ਨਾਗਪੁਰ,ਜਾਲਨਾ,ਪਿੰਪੜੀ, ਧੁਲੀਆ ,ਪੂਨੇ,ਚਿੰਚਵੜ,ਵਾਪੀ, ਅਹਿਮਦਾਬਾਦ ਤੇ ਮਹਾਰਾਸ਼ਟਰਾ ਦੇ ਕੋਨੇ ਕੋਨੇ ਤੋਂ ਵੱਡੀ ਗਿਣਤੀ ਵਿੱਚ ਸਿੱਖ ਆਗੂਆਂ ਅਤੇ ਸੰਗਤਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਐਮ.ਐਲ.ਏ ਪ੍ਰਸ਼ਾਤ ਠਾਕੁਰ,ਐਮ.ਐਲ.ਏ ਗਣੇਸ਼ ਨਾਇਕ ,ਸਾਬਕਾ ਐਮ.ਪੀ ਸੰਜੀਵ ਨਾਇਕ ,ਲੁਬਾਣਾ ਸਮਾਜ ਵੱਲੋਂ ਸ਼੍ਰੀ ਰਾਮੇਸ਼ਵਰ ਨਾਇਕ, ਸੰਤ ਬਾਬਾ ਭੋਲਾ ਸਿੰਘ ਜੀ ਸਰਹਾਲੀ ਸਾਹਿਬ,ਸੰਤ ਬਾਬਾ ਰਣਜੀਤ ਸਿੰਘ ਜੀ ਮਨਮਾੜ ਸਾਹਿਬ,ਸੰਤ ਬਾਬਾ ਧੀਰ ਸਿੰਘ ਜੀ ਧੁਲੀਏ ਵਾਲੇ ,ਜਿਲ੍ਹਾ ਪ੍ਰਧਾਨ ਸੰਦੀਪ ਨਾਇਕ, ਸੁਪਰੀਮ ਸਿੱਖ ਕੌਂਸਲ ਨਵੀਂ ਮੁੰਬਈ ਦੇ ਚੈਅਰਮੈਨ ਭਾਈ ਜਸਪਾਲ ਸਿੰਘ ਸਿੱਧੂ ,ਕਮੋਠੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਚਰਨਦੀਪ ਸਿੰਘ ਹੈਪੀ ਸਿੰਘ,ਭਾਈ ਸਰਬਜੀਤ ਸਿੰਘ ਸੰਧੂ ,ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਅਮਰਬੀਰ ਸਿੰਘ ਢੋਟ,ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ,ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ਼ ਖ਼ਾਲਸਾ ਦੀਵਾਨ) ਵੀ ਹਾਜਿਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਵੱਲੋਂ

# ਗੁਰਦਾਸਪੁਰ ਵਿਖੇ ਖੇਡਾਂ ਵਤਨ ਪੰਜਾਬ ਦੀਆਂ 2024 ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ






(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿਘ)-ਸੀਨੀਅਰ ਸਕੈਂਡਰੀ ਲੜਕੀਆਂ ਦੇ ਸਕੂਲ ਗੁਰਦਾਸਪੁਰ ਵਿਖੇ ਖੇਡਾਂ ਵਤਨ ਪੰਜਾਬ ਦੀਆਂ ਜ਼ਿਲਾ ਪੱਧਰੀ ਟੂਰਨਾਮੈਂਟ ਕਰਾਇਆ ਗਿਆ ।ਵਿਦਿਆਰਥੀਆਂ ਨੇ ਵੱਡੀਆਂ ਮੱਲਾਂ ਮਾਰੀਆਂ।ਜਿਸ ਵਿੱਚ ਇੰਟਰਨੈਸ਼ਨਲ ਪੰਥਕ ਦਲ ਦੇ ਕਾਰਜਗਾਰੀ ਪੰਜਾਬ ਪ੍ਰਧਾਨ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਨੂੰ ਵਿਸ਼ੇਸ਼ ਤੌਰ ਤੇ ਸੱਦਾ ਪੱਤਰ ਭੇਜਿਆ। ਜੇਤੂ ਵਿਦਿਆਰਥੀਆਂ ਨੂੰ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਨੇ ਇਨਾਮ ਵੰਡੇ ਅਤੇ ਹੌਸਲਾ ਵਧਾਈ ਕੀਤੀ। ਨਾਲ ਹੀ ਭਾਈ ਰਜਿੰਦਰ ਸਿੰਘ ਜੀ ਰਾਜਾ ਜਿਲਾ ਪ੍ਰਧਾਨ ਗੁਰਦਾਸਪੁਰ ਵਾਲੇ ਵਿਸ਼ੇਸ਼ ਤੌਰ ਤੇ ਪਹੁੰਚੇ ।ਇਸ ਮੌਕੇ ਸ੍ਰ ਲੱਖਣ ਸਿੰਘ ਢੰਡਿਆਲਾ ਅਤੇ ਹੋਰ ਬੇਅੰਤ ਪਤਵੰਤੇ ਹਾਜ਼ਰ ਸਨ

ਆਵਾਜ਼ਿ ਕੌਮ AWAZE QAUM International Newspaper & WEB TV

ਗੁਰੂ ਕਾਸ਼ੀ ਯੂਨੀਵਰਸਿਟੀ ਤੇ ਐਸ.ਐਸ.ਡੀ ਗਰਲਜ਼ ਕਾਲਜ ਬਠਿੰਡਾ ਵੱਲੋ ਕੁਇਜ਼ ਮੁਕਾਬਲਾ ਆਯੋਜਿਤ

# ਸਮਾਰੋਹ ਵਿੱਚ ਕਰਾਟੇ, ਤਲਵਾਰਬਾਜ਼ੀ, ਅਥਲੈਟਿਕਸ ਤੇ ਬਾਕਸਿੰਗ ਦੇ ਕੋਚ ਸਨਮਾਨਿਤ

**ਤਲਵੰਡੀ ਸਾਬੋ**, 30 **ਸਤੰਬਰ** (**ਗੁਰਜੰਟ ਸਿੰਘ ਨਥੇਹਾ**)- ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ, ਉੱਚੇਰੀ ਤੇ ਮਿਆਰੀ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਲਈ ਗੁਰਲਾਭ ਸਿੰਘ ਸਿੱਧੂ ਚਾਂਸਲਰ ਦੀ ਪ੍ਰੇਰਣਾ ਸਦਕਾ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ ਵੱਲੋਂ ਐਸ.ਐਸ.ਡੀ ਗਰਲਜ਼ ਕਾਲਜ, ਬਠਿੰਡਾ ਦੇ ਸਹਿਯੋਗ ਨਾਲ ਕੁਇਜ਼ ਮੁਕਾਬਲਾ ਆਯੋਜਿਤ ਕੀਤਾ ਗਿਆ।ਜਿਸ ਦੇ ਪਹਿਲੇ ਸੈਸ਼ਨ ਵਿੱਚ ਅਵਨੀਤ ਕੌਰ, ਏ.ਆਈ.ਜੀ. ਇੰਟੈਲੀਜੈਂਸ ਤੇ ਦੂਜੇ ਸੈਸ਼ਨ ਵਿੱਚ ਜਗਰੂਪ ਸਿੰਘ ਗਿੱਲ, ਐਮ.ਐਲ.ਏ. ਬਠਿੰਡਾ ਸ਼ਹਿਰੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਮਾਰੋਹ ਦੀ ਪ੍ਰਧਾਨਗੀ ਐਡਵੋਕੇਟ ਸੰਜੇ ਗੋਇਲ ਨੇ ਕੀਤੀ। ਇਸ ਮੌਕੇ ਸ਼੍ਰੀ ਸੁਰੇਸ਼ ਗੋਇਲ, ਚੀਫ਼ ਜੁਡੀਸ਼ੀਅਲ ਮੈਜੀਸਟ੍ਰੇਟ ਤੇ ਸਕੱਤਰ ਜ਼ਿਲ੍ਹਾ ਕਾਨੂੰਨੀ ਸਹਾਇਤਾ ਅਥਾਰਟੀ, ਬਠਿੰਡਾ ਅਤੇ ਡਾ. ਪੀਯੂਸ਼ ਵਰਮਾ ਕਾਰਜਕਾਰੀ ਉਪ ਕੁਲਪਤੀ ਗੈਸਟ ਆਫ਼ ਆਨਰ ਵਜੋਂ ਹਾਜ਼ਰ ਹੋਏ। ਸਮਾਰੋਹ ਵਿੱਚ ਰਾਕੇਸ਼ ਨਰੂਲਾ, ਸਮਾਜ ਸੇਵੀ, ਮੈਡਮ ਸਾਰੀਕਾ ਅਤੇ ਪ੍ਰੋ. ਐਨ.ਕੇ. ਗੋਸਾਂਈ ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰ ਹੋਏ। ਵੱਖ-ਵੱਖ ਖੇਡਾਂ ਦੇ ਖੇਤਰ ਵਿੱਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕਰਨ ਵਾਲੇ ਜੀ.ਕੇ.ਯੂ. ਦੇ ਕੋਚ ਸਿਮਰਨਜੀਤ ਸਿੰਘ ਬਰਾੜ, ਕਰਾਟੇ, ਨਰਿੰਦਰ ਸਿੰਘ ਗਿੱਲ ਅਥਲੈਟਿਕਸ, ਅਮਨਪ੍ਰੀਤ ਕੌਰ ਤਲਵਾਰਬਾਜ਼ੀ ਤੇ ਰਾਜ ਕੁਮਾਰ ਬਾਕਸਿੰਗ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਕੁਇਜ਼ ਮੁਕਾਬਲੇ ਵਿੱਚ ਹਰਲੀਨ ਕੌਰ ਅਤੇ ਏਕਮਜੀਤ ਕੌਰ ਡੀ.ਏ.ਵੀ. ਕਾਲਜ ਬਠਿੰਡਾ ਦੀ ਟੀਮ ਨੇ 3100 ਰੁਪਏ ਦਾ ਪਹਿਲਾ, ਆਸਥਾ ਅਤੇ ਖੁਸ਼ਿਪ੍ਰਆ ਐਸ.ਐਸ.ਡੀ. ਕਾਲਜ ਆਫ਼ ਐਜੂਕੇਸ਼ਨ ਦੀ ਟੀਮ ਨੇ 2100 ਰੁਪਏ ਦਾ ਦੂਜਾ ਅਤੇ ਨਿਹਾਰਿਕਾ ਸ਼ਰਮਾ ਤੇ ਗੁਰਸ਼ਰਨ ਕੌਰ ਮੇਜ਼ਬਾਨ ਐਸ.ਐਸ.ਡੀ. ਗਰਲਜ਼ ਕਾਲਜ, ਬਠਿੰਡਾ ਦੀ ਟੀਮ ਨੇ 1100 ਰੁਪਏ ਦਾ ਤੀਜਾ ਨਕਦ ਇਨਾਮ ਜਿੱਤਿਆ। ਇਸ ਮੌਕੇ ਵੱਖ-ਵੱਖ ਖੇਤਰਾਂ ਵਿੱਚ ਮੱਲ੍ਹਾਂ ਮਾਰਨ ਵਾਲੀਆਂ ਵਿਦਿਆਰਥਣਾਂ ਯੈਸਨੂਰ ਸ਼ਰਮਾ, ਪ੍ਰਭਜੋਤ ਚੌਹਾਨ ਤੇ ਖੁਸ਼ੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪਹਿਲੇ ਸ਼ੈਸ਼ਨ ਦੇ ਮੁੱਖ ਮਹਿਮਾਨ ਅਵਨੀਤ ਕੌਰ ਨੇ ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ ਅਖ਼ਬਾਰਾਂ, ਸਾਹਿਤਕ ਕਿਤਾਬਾਂ ਅਤੇ ਚਲੰਤ ਮਾਮਲਿਆਂ ਸੰਬੰਧੀ ਰਸਾਲੇ ਪੜ੍ਹਨ ਦੀ ਸਲਾਹ ਦਿੱਤੀ। ਉਨ੍ਹਾਂ ਸਾਰਿਆਂ ਨੂੰ ਖੇਡਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਵੀ ਪ੍ਰੇਰਿਤ ਕੀਤਾ। ਦੂਜੇ ਸੈਸ਼ਨ ਦੇ ਮੁੱਖ ਮਹਿਮਾਨ ਐਮ.ਐਲ.ਏ. ਬਠਿੰਡਾ ਸ਼ਹਿਰੀ ਨੇ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਲਈ ਸਰਕਾਰ ਵੱਲੋਂ ਹਰ ਤਰ੍ਹਾਂ ਦੇ ਸਹਿਯੋਗ ਦੀ ਗੱਲ ਕੀਤੀ। ਉਨ੍ਹਾਂ ਖਿਡਾਰੀਆਂ ਦੇ ਖੇਡ ਪੱਧਰ ਨੂੰ ਉੱਚਾ ਚੁੱਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਚਾਨਣਾ ਪਾਇਆ।ਸ਼੍ਰੀ ਸੁਰੇਸ਼ ਗੋਇਲ ਤੇ ਡਾ. ਵਰਮਾ ਨੇ ਆਯੋਜਕਾਂ ਦੇ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਸਹਾਈ ਹੁੰਦੇ ਹਨ।ਰਾਜੀਵ ਅਰੋੜਾ, ਡਾਇਰੈਕਟਰ ਮੀਡੀਆ ਪਲਾਨਿੰਗ (ਜੀ.ਕੇ.ਯੂ.) ਨੇ ਕੁਇਜ਼ ਮਾਸਟਰ ਦੀ ਭੂਮਿਕਾ ਬਾਖੂਬੀ ਅਦਾ ਕੀਤੀ। ਲਵਲੀਨ ਸੱਚਦੇਵਾ ਤੇ ਡਾ. ਨਵਜੋਤ ਕੌਰ ਦਾ ਸ਼ਾਇਰਾਨਾ ਅੰਦਾਜ਼ ਵਿੱਚ ਮੰਚ ਸੰਚਾਲਨ ਕਾਬਿਲ-ਏ-ਤਾਰੀਫ਼ ਸੀ। ਡਾ. ਵਿਕਾਸ ਗੁਪਤਾ ਨੇ 'ਵਰਸਿਟੀ ਵੱਲੋਂ ਚਲਾਏ ਜਾ ਰਹੇ ਕੋਰਸਾਂ ਦੀ ਜਾਣਕਾਰੀ ਪੀ.ਪੀ.ਟੀ. ਰਾਹੀਂ ਦਿੱਤੀ।ਡਾ. ਨੀਰੂ ਗਰਗ ਪ੍ਰਿੰਸੀਪਲ ਨੇ ਆਪਣੇ ਧੰਨਵਾਦੀ ਪ੍ਰਸਤਾਵ ਵਿੱਚ ਕਿਹਾ ਕਿ ਭਵਿੱਖ ਵਿੱਚ ਉਹ ਜੀ.ਕੇ.ਯੂ. ਨਾਲ ਸਾਂਝੇ ਤੌਰ 'ਤੇ ਇਸ ਤਰ੍ਹਾਂ ਦੇ ਆਯੋਜਨ ਵੱਡੇ ਪੱਧਰ 'ਤੇ ਕਰਨਗੇ ਅਤੇ ਉਨ੍ਹਾਂ ਜੇਤੂਆਂ ਨੂੰ ਵਧਾਈ ਦਿੱਤੀ।



ਆਵਾਜ਼ਿ ਕੌਮ AWAZE QAUM International Newspaper & WEB TV

# ਓਲੰਪੀਅਨ ਜਰਮਨ ਪ੍ਰੀਤ ਸਿੰਘ ਬੱਲ ਨੇ ਉਦੋ ਨੰਗਲ ਕਲੱਬ ਦੇ ਖਿਡਾਰੀਆਂ ਨੂੰ ਬੂਟ ਵੰਡੇ




**ਚੌਕ ਮਹਿਤਾ- 30 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਪੈਰਿਸ ਓਲੰਪਿਕ ਵਿੱਚੋਂ ਜੇਤੂ ਹਾਕੀ ਟੀਮ ਦੇ ਓਲੰਪੀਅਨ ਸ, ਜਰਮਨਪਰੀਤ ਸਿੰਘ ਬੱਲ ਨੇ ਪਿੰਡ ਉਦੋ ਨੰਗਲ ਦੀ ਹਾਕੀ ਗਰਾਉਂਡ ਵਿੱਚ ਪਹੁੰਚ ਕੇ ਖਿਡਾਰੀਆਂ ਹਾਕੀ ਖਿਡਾਰੀਆਂ ਨੂੰ ਬੂਟਾਂ ਦੇ ਜੋੜੇ ਦੇ ਕੇ ਨਾ ਸਿਖ ਉਹਨਾਂ ਦੀ ਹੌਸਲਾ ਅਫਜਾਈ ਕੀਤੀ । ਉਹਨਾਂ ਨੇ ਹਾਕੀ ਗਰਾਉਂਡ ਵਿੱਚ ਪਹੁੰਚ ਕੇ ਪਹਿਲਾਂ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ ਅਤੇ ਉਹਨਾਂ ਨੂੰ ਸੰਬੋਧਨ ਕਰਦਿਆਂ ਓਲੰਪੀਅਨ ਜਰਮਨਪ੍ਰੀਤ ਸਿੰਘ ਨੇ ਕਿਹਾ ਕਿ ਮੈਂ ਵੀ ਛੋਟੀ ਉਮਰ ਵਿੱਚ ਦਮਦਮੀ ਟਕਸਾਲ ਮਹਿਤਾ ਦੀ ਗਰਾਉਂਡ ਵਿਖੇ ਅਤੇ ਇਹਨਾਂ ਗਰਾਉਂਡਾਂ ਵਿੱਚ ਹੀ ਖੇਡ ਕੇ ਆਪਣੇ ਮਿਹਨਤ ਦੇ ਸਦਕੇ ਅੱਜ ਇਸ ਮੁਕਾਮ ਤੇ ਪਰਮਾਤਮਾ ਦੇ ਮਿਹਰ ਸਦਕਾ ਪਹੁੰਚਿਆ ਹਾਂ ,ਅਤੇ ਤੁਸੀਂ ਵੀ ਗਰਾਊਂਡ ਵਿੱਚ ਸਵੇਰੇ ਸ਼ਾਮ ਖੇਡ ਮੈਦਾਨ ਵਿੱਚ ਪਹੁੰਚ ਕੇ ਅਤੇ ਸਖ਼ਤ ਮਿਹਨਤ ਕਰਕੇ ਮੇਰੇ ਵਾਲੇ ਮੁਕਾਮ ਤੇ ਪਹੁੰਚ ਸਕਦੇ ਹੋ। ਉਹਨਾਂ ਨੇ ਖਿਡਾਰੀਆਂ ਨਾਲ ਵਾਅਦਾ ਕੀਤਾ ਕਿ ਉਹ ਜਲਦੀ ਹੀ ਹਾਕੀਆਂ ਲਿਆ ਕੇ ਤੁਹਾਨੂੰ ਭੇਟ ਕਰਨਗੇ। ਇਸ ਮੌਕੇ ਉਹਨਾਂ ਦੇ ਨਾਲ ਇੰਸਪੈਕਟਰ ਗੁਰਮੇਜ ਸਿੰਘ ਰੰਧਾਵਾ,ਆਤਮ ਬੀਰ ਸਿੰਘ ਰੰਧਾਵਾ, ਸੂਬੇਦਾਰ ਮੁਖਤਾਰ ਸਿੰਘ ,ਗੋਲੂ ਰੰਧਾਵਾ, ਕਾਲਾ ਕੋਚ, ਹਰਮਨ ਰੰਧਾਵਾ, ਕਰਮ ਪੰਨੂ, ਬਿੱਕਾ ਪੰਨੂ ਅਤੇ ਹੋਰ ਖਿਡਾਰੀ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਿਹਤ ਵਿਭਾਗ ਦੀ ਨਵੀਂ ਗਠਿਤ ਮਨਿਸਟਰੀਅਲ ਐਸੋਸੀਏਸ਼ਨ ਦੇ ਆਗੂਆਂ ਨੇ ਪੰਡਿਤ ਰਾਕੇਸ਼ ਸ਼ਰਮਾ ਤੋਂ ਲਿਆ ਆਸ਼ੀਰਵਾਦ

**ਚੌਕ ਮਹਿਤਾ, 30 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਿਹਤ ਵਿਭਾਗ ਦੀ ਨਵੀਂ ਗਠਿਤ ਮਨਿਸਟਰੀਅਲ ਐਸੋਸੀਏਸ਼ਨ ਦੇ ਜ਼ਿਲਾ ਪ੍ਰਧਾਨ ਸੁਮਿਤ ਸ਼ਰਮਾ ਅਤੇ ਜਨਰਲ ਸਕੱਤਰ ਰਘੂ ਤਲਵਾਰ ਵੱਲੋਂ ਅੱਜ ਸਿਹਤ ਵਿਭਾਗ ਇਮਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਦੇ ਚੇਅਰਮੈਨ ਪੰਡਿਤ ਰਕੇਸ਼ ਸ਼ਰਮਾ ਤੋਂ ਆਸ਼ੀਰਵਾਦ ਲਿਆ ਹੈ ਅਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਹੈ ਪੰਡਿਤ ਰਕੇਸ਼ ਸ਼ਰਮਾ ਨੇ ਕਿਹਾ ਕਿ ਦੋਵੇਂ ਆਗੂ ਮਿਹਨਤੀ ਹਨ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਹਮੇਸ਼ਾ ਹੀ ਵੱਧ ਚੜ ਕੇ ਕੰਮ ਕਰਦੇ ਰਹਿੰਦੇ ਹਨ। ਉਨ੍ਹਾਂ ਵੱਲੋਂ ਹਮੇਸ਼ਾ ਹੀ ਦਫਤਰੀ ਕਾਮਿਆਂ ਦੀਆਂ ਸਮੱਸਿਆਵਾਂ ਦੇ ਹੱਲ ਦੇ ਲਈ ਕੰਮ ਕੀਤਾ ਗਿਆ ਹੈ। ਸਿਹਤ ਵਿਭਾਗ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਵਿਚ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਮੁਲਾਜ਼ਮਾਂ ਦੇ ਹਿੱਤਾਂ ਦੇ ਲਈ ਕੰਮ ਕੀਤਾ ਗਿਆ ਹੈ ਪੰਡਿਤ ਰਾਕੇਸ਼ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਹਮੇਸ਼ਾ ਹੀ ਈਮਾਨਦਾਰੀ ਨਾਲ ਕੰਮ ਕਰਨ ਵਾਲੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਦਾ ਮਾਣ ਸਤਿਕਾਰ ਕਰਦੀ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# ਨੋ ਡਿਊ ਸਰਟੀਫਿਕੇਟ ਨਾ ਮਿਲਣ 'ਤੇ ਹਲਫਨਾਮੇ ਦੇ ਨਾਲ ਦਾਖ਼ਲ ਕੀਤੇ ਜਾ ਸਕਦੇ ਨੇ ਨਾਮਜ਼ਦਗੀ ਪੱਤਰ- ਡਿਪਟੀ ਕਮਿਸ਼ਨਰ

ਬਠਿੰਡਾ, 30 ਸਤੰਬਰ (ਗੁਰਜੰਟ ਸਿੰਘ ਨਥੇਹਾ)- ਪੰਚਾਇਤੀ ਚੋਣਾਂ ਸਬੰਧੀ ਨਾਮਜ਼ਦਗੀਆਂ ਦਾਖਲ ਕਰਨ ਨੂੰ ਲੈ ਕੇ ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਜਾਰੀ ਪੱਤਰ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਬਠਿੰਡਾ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਉਮੀਦਵਾਰਾਂ ਵੱਲੋਂ ਨਾਮਜ਼ਦਗੀਆਂ ਭਰਨ ਸਬੰਧੀ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਜੇਕਰ ਕਿਸੇ ਉਮੀਦਵਾਰ ਨੂੰ ਆਪਣੇ ਵੱਲੋਂ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਨਾਮਜ਼ਦਗੀ ਪੱਤਰ ਦੇ ਨਾਲ ਲਾਉਣ ਲਈ ਕਿਸੇ ਵੀ ਕਿਸਮ ਦੇ ਟੈਕਸ ਦੇ ਏਰੀਅਰ ਦੇ ਬਕਾਏ ਜਾਂ ਕਿਸੇ ਵੀ ਕਿਸਮ ਦੇ ਹੋਰ ਬਕਾਏ ਬਾਬਤ ਨੋ ਡਿਊ ਸਰਟੀਫਿਕੇਟ (ਐਨ.ਡੀ.ਸੀ.) ਸਬੰਧਤ ਅਥਾਰਟੀ ਵੱਲੋਂ ਜਾਰੀ ਨਹੀਂ ਹੁੰਦਾ ਜਾਂ ਕਿਸੇ ਵੀ ਅਥਾਰਟੀ ਦੀ ਕਿਸੇ ਵੀ ਕਿਸਮ ਦੀ ਜਾਇਦਾਦ 'ਤੇ ਕਬਜ਼ੇ ਸਬੰਧੀ ਨੋ ਅਬਜੈਕਸ਼ਨ ਸਰਟੀਫਿਕੇਟ (ਐਨ.ਓ.ਸੀ) ਜਾਰੀ ਨਹੀਂ ਹੁੰਦਾ ਤਾਂ ਸਬੰਧਤ ਉਮੀਦਵਾਰ ਆਪਣੇ ਵੱਲੋਂ ਇੱਕ ਹਲਫਨਾਮਾ ਨਾਮਜ਼ਦਗੀ ਪੱਤਰ ਦੇ ਨਾਲ ਲਾ ਕੇ ਕਾਗਜ਼ ਦਾਖਲ ਕਰ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਉਮੀਦਵਾਰ ਇਹ ਹਲਫਨਾਮਾ ਦੇਵੇਗਾ ਕਿ ਪੰਜਾਬ ਰਾਜ ਚੋਣ ਕਮਿਸ਼ਨ ਐਕਟ 1994 ਬਾਬਤ ਉਸ ਦੇ ਵੱਲ ਕਿਸੇ ਵੀ ਕਿਸਮ ਦੇ ਟੈਕਸਾਂ ਦੇ ਏਰੀਅਰ ਦਾ ਬਕਾਇਆ ਜਾਂ ਕੋਈ ਹੋਰ ਬਕਾਇਆ ਨਹੀਂ ਖੜ੍ਹਾ ਹੈ। ਨਾ ਹੀ ਕਿਸੇ ਅਥਾਰਟੀ ਦੀ ਜਾਇਦਾਦ ਉੱਤੇ ਉਸ ਵੱਲੋਂ ਕੋਈ ਨਾਜਾਇਜ਼ ਕਬਜ਼ਾ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰਿਟਰਨਿੰਗ ਅਫ਼ਸਰ (ਆਰ.ਓ.) ਵੱਲੋਂ ਅਜਿਹੇ ਨਾਮਜ਼ਦਗੀ ਪੱਤਰ ਸਬੰਧਤ ਅਥਾਰਟੀਆਂ ਨੂੰ 24 ਘੰਟਿਆਂ ਦੇ ਵਿੱਚ-ਵਿੱਚ ਰਿਪੋਰਟ ਦੇਣ ਦੀ ਹਦਾਇਤ ਦੇ ਨਾਲ ਭੇਜੇ ਜਾਣਗੇ। ਜੇਕਰ 24 ਘੰਟਿਆਂ ਦੇ ਵਿੱਚ-ਵਿੱਚ ਸਬੰਧਤ ਅਥਾਰਟੀ ਵੱਲੋਂ ਰਿਪੋਰਟ ਨਹੀਂ ਦਿੱਤੀ ਜਾਂਦੀ ਤਾਂ ਇਹ ਮੰਨ ਲਿਆ ਜਾਵੇਗਾ ਕਿ ਪੰਜਾਬ ਰਾਜ ਚੋਣ ਕਮਿਸ਼ਨ ਐਕਟ 1994 ਸਬੰਧੀ ਉਮੀਦਵਾਰ ਕਿਸੇ ਵੀ ਕਿਸਮ ਦਾ ਡਿਫਾਲਟਰ ਨਹੀਂ ਹੈ ਅਤੇ ਨਾ ਹੀ ਉਸ ਨੇ ਅਣ ਅਧਿਕਾਰਤ ਤੌਰ 'ਤੇ ਕੋਈ ਕਬਜ਼ਾ ਕੀਤਾ ਹੋਇਆ ਹੈ। ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਇਨ੍ਹਾਂ ਹਦਾਇਤਾਂ ਦੀ ਇਨ-ਬਿਨ ਪਾਲਣਾ ਕਰਨੀ ਯਕੀਨੀ ਬਣਾਉਣ।



ਆਵਾਜ਼ਿ ਕੌਮ AWAZE QAUM International Newspaper & WEB TV

### ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਕਾਰਜਕਾਰੀ ਪੰਜਾਬ ਪ੍ਰਧਾਨ ਪਿੰਡ ਬਾਜਪੁਰ (ਅਲੀਵਾਲ) ਵਿਖੇ

# ਗੁ: ਸਾਹਿਬ ਨਵੇ ਨਿਸ਼ਾਨ ਸਾਹਿਬ ਚੜ੍ਹਾਉਣ ਮੌਕੇ ਵਿਸ਼ੇਸ਼ ਤੌਰ 'ਤੇ ਹਾਜਰ ਹੋਏ








(ਮਨਪ੍ਰੀਤ ਸਿੰਘ ਵਾੜਾ ਸਿੰਘ) ਗੁਰਦੁਆਰਾ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਪਿੰਡ ਬਾਜਪੁਰ ਅਲੀਵਾਲ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਨਵਾਂ ਨਿਸ਼ਾਨ ਸਾਹਿਬ ਝੁਲਾਇਆ ਗਿਆ। ਜਿਸ ਵਿਚ ਇੰਟਰਨੈਸ਼ਨਲ ਪੰਥਕ ਦਲ ਦੇ ਕਾਰਜਕਾਰੀ ਪੰਜਾਬ ਪ੍ਰਧਾਨ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦਬਾਗ ਵਾਲੇ ਅਤੇ ਭਾਈ ਰਜਿੰਦਰ ਸਿੰਘ ਜੀ ਰਾਜਾ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਵਾਲਿਆ ਵੱਲੋਂ ਵਿਸ਼ੇਸ਼ ਤੌਰ ਤੇ ਪਹੁੰਚ ਕੇ ਹਾਜ਼ਰੀ ਭਰੀ ਗਈ। ਸੰਗਤਾਂ ਵੱਲੋ ਬਹੁਤ ਹੀ ਸਤਿਕਾਰ ਸਹਿਤ ਪਿਆਰ ਬਖਸ਼ਿਆ ਗਿਆ। ਕਾਰਜਕਾਰੀ ਪੰਜਾਬ ਪ੍ਰਧਾਨ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਨੇ ਬੋਲਦਿਆਂ ਦੱਸਿਆ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਝੂਲਤੇ ਨਿਸ਼ਾਨ ਰਹੇ ਪੰਥ ਮਹਾਰਾਜ ਕੇ ਪਿੰਡ ਬਾਜਪੁਰ ਗੁਰਦੁਆਰਾ ਸਾਹਿਬ ਵਿਖੇ ਨਵੇਂ ਨਿਸ਼ਾਨ ਸਾਹਿਬ ਸੰਗਤਾਂ ਦੇ ਸਹਿਯੋਗ ਨਾਲ ਚੜਾਏ ਗਏ ਹਨ। ਇਲਾਕੇ ਦੇ ਬੇਅੰਤ ਸੰਤ ਮਹਾਂਪੁਰਖ ਅਤੇ ਗੁਰੂ ਕੀਆਂ ਸੰਗਤਾਂ ਬਹੁਤ ਵੱਡੀ ਗਿਣਤੀ ਵਿੱਚ ਹਾਜ਼ਰ ਹੋਈਆਂ। ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਨਾਲ ਨਿਸ਼ਾਨ ਸਾਹਿਬ ਚੜਾਉਣ ਦੀ ਸੇਵਾ ਕੀਤੀ ਗਈ ਇੰਟਰਨੈਸ਼ਨਲ ਪੰਥਕ ਦਲ ਜਥੇਬੰਦੀ ਵੱਲੋਂ ਵਿਸ਼ੇਸ਼ ਤੌਰ ਤੇ ਹਾਜਰੀ ਭਰੀ ਗਈ।ਨਾਲ ਹੀ ਸੰਤ ਬਾਬਾ ਜਤਿੰਦਰ ਸਿੰਘ ਜੀ ਨੇ ਨਵੇਂ ਨਿਸ਼ਾਨ ਸਾਹਿਬ ਝੂਲਾਉਣ ਦੀ ਖੁਸ਼ੀ ਵਿੱਚ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ ਦਿੱਤੀ।ਇਸ ਮੌਕੇ ਮਹੰਤ ਤਿਲਕ ਦਾਸ ਜੀ ਨਾਨਕਚੱਕ ਵਾਲੇ,ਸ੍ਰ ਵੱਸਣ ਸਿੰਘ ਸੈਕਟਰੀ ਕਾਂਦੀਆ,ਡਾ ਰਵਿੰਦਰ ਸਿੰਘ, ਹੈੱਡ ਗ੍ਰੰਥੀ ਬਾਬਾ ਬਲਬੀਰ ਸਿੰਘ, ਸ੍ਰ ਹਰਦੇਵ ਸਿੰਘ asi, ਸ੍ਰ ਗੁਰਨਾਮ ਸਿੰਘ ਗਿੱਲ, ਭਾਈ ਹਰਪਿੰਦਰ ਸਿੰਘ ਸੰਧੂ ਪ੍ਰਿੰਸੀਪਲ ਮੈਰੀ ਗੋਲਡ, ਸ੍ਰ ਰਵੇਲ ਸਿੰਘ ਮੰਡ, ਅਤੇ ਸਮੂਹ ਪਤਵੰਤੇ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਇੰਡੀਅਨ ਅਬੈਂਸੀ ਵੱਲੋਂ ਗੁਰਦੁਆਰਾ ਸਾਲਜਬਰਗ ਵਿਖੇ ਪਹੁੰਚ ਕੇ

# ਸੰਗਤਾਂ ਲਈ ਓ. ਐਸ. ਆਈ. ਕਾਰਡ ਪਾਸਪੋਰਟ ਅਤੇ ਹੋਰ ਡਾਕੂਮੈਂਟ ਤਿਆਰ ਕੀਤੇ

### ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਵੱਲੋਂ ਸਾਰੇ ਸਟਾਫ ਦਾ ਧੰਨਵਾਦ ਕੀਤਾ ਅਤੇ ਜੀ ਆਇਆ ਕਿਹਾ







(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ )ਗੁਰਦੁਆਰਾ ਸਾਲਜਬਰਗ ਵਿਖੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇੰਡੀਅਨ ਅਬੈਂਸੀ ਵੱਲੋਂ ਸਪੈਸ਼ਲ ਕੈਂਪ ਲਗਾ ਕੇ ਸਾਲਜਬਰਗ ਦੀਆਂ ਸੰਗਤਾਂ ਲਈ ਓ. ਐਸ. ਆਈ. ਕਾਰਡ, ਪਾਸਪੋਰਟ ਅਤੇ ਹਰ ਕਿਸਮ ਦੇ ਡਾਕੂਮੈਂਟ ਹਾਜ਼ਰ ਹੋ ਕੇ ਮੌਕੇ ਤੇ ਤਿਆਰ ਕੀਤੇ।ਆਏ ਹੋਏ ਸਟਾਫ ਦੀ ਆਓ ਭਗਤ ਵਾਸਤੇ ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੋਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਵੱਲੋਂ ਕੀਤੀ ਗਈ। ਅਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬਹੁਤ ਹੀ ਸੋਹਣਾ ਪ੍ਰਬੰਧ ਕੀਤਾ ਗਿਆ। ਜਥੇਦਾਰ ਨਛੱਤਰ ਸਿੰਘ ਜੀ ਵੱਲੋਂ ਸਮੂਹ ਆਏ ਹੋਏ ਸਟਾਫ ਦਾ ਧੰਨਵਾਦ ਕੀਤਾ ਅਤੇ ਜੀ ਆਇਆ ਕਿਹਾ। ਸਾਰੇ ਸਟਾਫ ਦਾ ਪ੍ਰਸ਼ਾਦਾ ਵਿਜੇ ਕੁਮਾਰ ਸੋਨੂੰ ਦੇ ਗ੍ਰਹਿ ਵਿਖੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਛਕਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਪਹੁੰਚੇ ਸਮੂਹ ਸਟਾਫ ਦਾ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਬਹੁਤ ਸਾਰੀਆਂ ਸੰਗਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਅਰੁਣ ਕੈਂਥ ਕੌਂਸਲੇਟ,ਹਰਲੀਨ ਗਾਬਾ ਅਟੈਚੀ, ਕੁਲ ਭੂਸ਼ਣ ਕੁਮਾਰ ਨਾਹਤਾ, ਕਾਵੀਆ ਗਾਬਾ ਭਾਈ ਸਾਗਰ ਪਾਲ ਸਿੰਘ ਪ੍ਰਧਾਨ ਗੁਰਦੁਆਰਾ ਸਾਲਜਬਰਗ, ਮੀਤ ਪ੍ਰਧਾਨ ਭਾਈ ਹਰਮੇਲ ਸਿੰਘ ਜੀ , ਭਾਈ ਸਤਨਾਮ ਸਿੰਘ ਚੇਅਰਮੈਨ ,ਸੁਰਿੰਦਰ ਕੁਮਾਰ ਕੈਸ਼ੀਅਰ, ਸ੍ਰ ਬਲਬੀਰ ਸਿੰਘ,ਹੈਡ ਗ੍ਰੰਥੀ ਬਾਬਾ ਕਸ਼ਮੀਰ ਸਿੰਘ ਜੀ,, ਅਤੇ ਹੋਰ ਪਤਵੰਤੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV



# ਮਸਲਾ ਗੁਰਦਾਸ ਮਾਨ ਦੀ ਮੁਆਫੀ ਦਾ
# ਤਾਲੋਂ ਖੁੰਝੀ ਡੂਮਣੀ, ਗਾਵੇ ਆਲ ਪਤਾਲ

ਸਿਆਣੇ ਕਹਿੰਦੇ ਹਨ ਕਿ ਜੇਕਰ ਕਿਸੇ ਦੇ ਪਾਸ ਕੋਈ ਕਲਾ ਹੈ ਤੇ ਉਸ ਕਲਾ ਦੇ ਬਲਬੂਤੇ ਜੇਕਰ ਉਸ ਨੂੰ ਮਾਣ ਜੱਸ ਦੀ ਪ੍ਰਾਪਤੀ ਹੋ ਜਾਵੇ ਤਾਂ ਉਹ ਮਾਣ ਜੱਸ ਦਿਲ ਚ ਰੱਖਣਾ ਚਾਹੀਦਾ ਕਿਉਂਕਿ ਅਜਿਹਾ ਕਰਨ ਨਾਲ ਨਿਮਰ ਭਾਵਨਾ ਬਣੀ ਰਹਿੰਦੀ ਹੈ ਤੇ ਸੰਬੰਧਿਤ ਕਲਾਕਾਰ



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

ਦਾ ਨਾਮ ਹੋਰ ਬੁਲੰਦ ਹੁੰਦਾ ਹੈ , ਪਰੰਤੂ ਜੇਕਰ ਪ੍ਰਾਪਤ ਹੋਇਆ ਮਾਣ ਜੱਸ ਤੇ ਧਨ ਦੌਲਤ ਦਿਮਾਗ ਨੂੰ ਚੜ੍ਹ ਜਾਵੇ ਤਾਂ ਸੰਬੰਧਿਤ ਕਲਾਕਾਰ ਦੀ ਚੜ੍ਹਦੀਕਲਾ ਦੀ ਪੁੱਠੀ ਗਿਣਤੀ ਸ਼ੁਰੂ ਹੋ ਜਾਂਦੀ ਹੈ । ਗੁਰਦਾਸ ਮਾਨ ਨਾਲ ਵੀ ਪਿਛਲੇ ਪੰਜ ਕੁ ਸਾਲ ਤੋਂ ਏਹੀ ਕੁੱਜ ਹੋ ਵਾਪਰ ਰਿਹਾ ਹੈ । ਹਿੰਦੀ ਮਾਸੀ ਨਾਲ ਪ੍ਰੇਮ ਤੇ ਪੰਜਾਬੀ ਮਾਂ ਬੋਲੀ ਤੋ ਦੂਰੀ ਬਣਾ ਕੇ ਚੱਲਣ ਤੋਂ ਸ਼ੁਰੂ ਹੋਈ ਚਰਚਾ ਕਨੇਡਾ ਦੇ ਇਕ ਸ਼ੋਅ ਦੋਰਾਨ ਬੋਲੇ ਗਏ ਅਪਸ਼ਬਦਾਂ ਰਾਹੀਂ ਹੁੰਦੀ ਹੋਈ, ਕਿਸਾਨ ਅੰਦੋਲਨ ਚ ਜਾ ਮੁਆਫੀ ਮੰਗਣ ਤੋਂ ਹੁੰਦੀ ਹੋਈ "ਗੱਲ ਸੁਣੋ ਪੰਜਾਬੀਓ" ਦੇ ਫੇਹਲ ਹੋਏ

ਆਵਾਜ਼ਿ ਕੌਮ
AWAZE QAUM
International Newspaper & WEB TV

ਪੈਂਤੜਿਆਂ ਤੋਂ ਹੁੰਦੀ ਹੋਈ ਹੁਣਵੀ ਮੁਆਫੀ ਮੰਗਣ ਵਾਲੀ ਸ਼ੋਸ਼ਲ ਡੀਡੀਏ ਚ ਵਾਇਰਲ ਹੋਈ ਤਾਜਾ ਵੀਡੀਓ ਆ ਤੱਕ ਪਹੁੰਚੀ ਹੈ ।

ਆਪਣੀ ਗੱਲ 'ਤੇ ਅੜੇ ਰਹਿਣਾ, ਗਲਤੀ ਸਵਿਕਾਰ ਨਾ ਕਰਨਾ ਤੇ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਉਸ ਦੀ ਜ਼ਿਦ ਨੇ ਉਸ ਨੂੰ ਲਗਾਤਾਰ ਲੋਕ ਮਾਨਸਿਕਤਾ ਨਾਲ਼ੋਂ ਤੋੜਨ ਵਾਲੇ ਰਸਤੇ ਹੀ ਤੋਰਿਆ ਹੈ ।ਵਿਡੰਬਣਾ ਇਹ ਵੀ ਹੈ ਕਿ ਗੁਰਦਾਸ ਮਾਨ ਨੇ ਜਾਂ ਤਾਂ ਲੋਕ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂ ਇਸ ਨੂੰ ਸਮਝਣ ਦੀ ਲੋੜ ਹੀ ਨਹੀਂ ਸਮਝੀ ਤੇ ਜਾਂ ਫਿਰ ਇਹ ਉਸ ਦੀ ਸਮਝ ਤੇ ਪਰੇ ਦੀ ਗੱਲ ਹੈ, ਇਸ ਗੱਲ ਦਾ ਜਵਾਬ ਤਾਂ ਗੁਰਦਾਸ ਮਾਨ ਹੀ ਦੇ ਸਕਦਾ ਹੈ, ਪਰ ਇਕ ਗੱਲ ਪੱਕੀ ਹੈ ਕਿ ਅਜਿਹਾ ਨਾ ਕਰਨ ਕਰਕੇ , ਹੁਣ ਤੱਕ ਉਸ ਦਾ ਹਰ ਪੱਖੋਂ ਨੁਕਸਾਨ ਹੀ ਹੋਇਆ ਹੈ । ਜਿਹਨਾਂ ਪੰਜਾਬੀਆਂ ਨੇ ਉਸ ਦੀ ਗੁੱਡੀ ਆਸਮਾਨੇ ਚੜ੍ਹਾਈ ਸੀ, ਉਹਨਾਂ ਨੇ ਹੀ ਮੁੜ ਪਟਕਾ ਕੇ ਜਮੀਨ 'ਤੇ ਲਿਆ ਸੁੱਟੀ ਹੈ ।

ਗੁਰਦਾਸ ਮਾਨ ਆਪਣੇ ਨਾਲ ਸ਼ੁਰੂ ਹੋਏ ਵਿਵਾਦ ਵਿੱਚ ਲਗਾਤਾਰ ਉਲਝਦਾ ਹੀ ਜਾ ਰਿਹਾ ਹੈ । ਹੁਣ ਆਹ ਪੰਜਵੀਂ ਵਾਰ ਰੋਅ ਰੋਅ ਕੇ ਮੁਆਫੀ ਮੰਗਣ ਵਾਲੀ ਵੀਡੀਓ ਅਤੇ ਬੱਤੀ ਲੈਣ ਦੀ ਨਵੀਂ ਪਰਿਭਾਸ਼ਾ ਕਰਨ ਨਾਲ ਉਹ ਲੋਕ ਮਨਾਂ ਵਿਚੋਂ ਹੋਰ ਵੀ ਦੂਰ ਪਰੇ ਹੋ ਗਿਆ ਹੈ । ਉਸ ਦੀ ਮਾਨਸਿਕ ਹਾਲਤ ਇਸ ਵੇਲੇ ਤਾਲੋਂ ਖੁੰਝੀ ਡੂਮਣੀ , ਗਾਵੇ ਆਲ ਪਤਾਲ ਵਾਲੀ ਬਣੀ ਹੋਈ ਹੈ । ਆਪਣੇ ਆਪ ਨੂੰ ਬਹਤਾ ਸਿਆਣਾ ਸਮਝਣ ਵਾਲਾ ਗੁਰਦਾਸ ਮਾਨ ਝੱਲਾ ਬਣ ਚੁੱਕਾ ਹੈ ਤੇ ਵਾਰ ਵਾਰ ਝੱਲ ਖਿਲਾਰ ਕੇ ਇਕ ਸਧਾਰਨ ਜਿਹੇ ਮਸਲੇ ਨੂੰ ਏਨਾ ਕੁ ਵਿਗਾੜ ਚੁੱਕਾ ਹੈ ਕਿ ਹੁਣ ਇਸ ਮਸਲੇ ਦੇ ਸਮਾਪਤ ਹੋਣ ਦੇ ਅਸਾਰ ਬਹੁਤ ਮੱਧਮ ਪੈ ਚੁੱਕੇ ਹਨ, ਲੋਕ ਦਿਲਾਂ 'ਤੇ ਰਾਜ ਕਰਨ ਵਾਲਾ ਮਾਨ ਗਾਇਕੀ ਦੇ ਖੇਤਰ ਵਿਚ ਅਕਾਸ਼ੀਂ ਉਡਾਰੀਆਂ ਮਾਰਨ ਤੇ ਮੂੰ ਹ ਮੰਗੀ ਫੀਸ ਵਸੂਲਣ ਵਾਲਾ ਕਲਾਕਾਰ ਅੱਜ ਮੂਧੇ ਮੂੰਹ ਇਕ ਚੱਲੀ ਹੋਈ ਆਤਿਸ਼ਬਾਜੀ ਵਾਂਗ ਅਸਮਾਨੋਂ ਡਿਗਕੇ ਜਮੀਨ ਉਤੇ ਸਪਾਟ ਪਿਆ ਤੜਫ ਰਿਹਾ ਹੈ, ਪਰ ਆਪਣੀ ਜਿਦ ਛੱਡਕੇ ਗਲਤੀ ਮੰਨਣ ਨੂੰ ਅਜੇ ਵੀ ਤਿਆਰ ਨਹੀਂ ।

"ਗੱਲ ਸੁਣੋ ਪੰਜਾਬੀ ਦੋਸਤੋ" ਨਾਮ ਦੇ ਗੀਤ ਨਾਲ ਉਹ ਚੌਥੀ ਵਾਰ ਪੰਜਾਬੀ ਮਾਨਸਿਕਤਾ ਨੂੰ ਸਮਝਣੋ ਉਕ ਗਿਆ ਸੀ। ਪਹਿਲੀ ਵਾਰ ਕਨੇਡਾ ਵਿਚਲੇ ਸਰੀ ਚ ਚੱਲਦੇ ਰੈੱਡ ਐਫ ਐਮ ਰੇਡੀਓ ਦੇ ਇੰਟਰਵਿਊ ਵਿਚ ਉਸਨੇ ਇੱਕ ਰਾਸ਼ਟਰ: ਇੱਕ ਭਾਸ਼ਾ ਦੀ ਗੱਲ ਕਰਕੇ ਹਿੰਦੀ ਭਾਸ਼ਾ ਦੀ ਵਕਾਲਤ ਕੀਤੀ , ਦੂਜੀ ਵਾਰਚਲਦੇ ਪ੍ਰੋਗਰਾਮ 'ਚ ਵਿਰੋਧ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਬੱਤੀ ਬਣਾ ਕੇ ਪਿਛਵਾੜੇ ਲੈਣ ਵਾਲੀ ਗਾਲ੍ਹ ਕੱਢਕੇ, ਤੀਜੀ ਵਾਰ ਕਿਸਾਨ ਅੰਦੋਲਨ ਸਮੇਂ ਮੋਦੀਸਰਕਾਰ ਦਾ ਵਿਰੋਧ ਕਰਨ ਦੀ ਬਜਾਏ ਮੋਰਚੇ ਚ ਪਹੁੰਚ ਕੇ ਆਪਣੇ ਹੀ ਮਸਲੇ ਦਾ ਪਟਾਰਾ ਖੋਹਲਣ ਦੀ ਅਸਫਲ ਕੋਸ਼ਿਸ ਕਰਕੇ, ਫਿਰ ਗੱਲ ਸੁਣੋ ਪੰਜਾਬੀਓ ਗੀਤ ਵਿਚਲੇ ਬੋਲਾਂ ਨਾਲ ਤੇ ਹੁਣ ਬੇਤੀ ਦੀ ਨਵੀਂ ਪਰਿਭਾਸ਼ਾ ਕਰਕੇ ਆਪਣੇ ਆਪ ਨੂੰ ਇਕ ਵਾਰ ਠੀਕ ਸਿੱਧ ਕਰਨ ਦੀ ਅਸਫਲ ਕੋਸ਼ਿਸ਼ ਕਰਕੇ ।

ਸਰੀ ਵਿਖੇ ਹੋਏ ਉਸ ਦੇ ਸਟੇਜ ਸ਼ੋਅ ਵਾਲੀ ਘਟਨਾ ਦੀ ਸਮੁੱਚੀ ਵੀਡੀਓ ਦੇਖਣ ਤੋਂ ਬਾਅਦ ਮੈਂ ਇਹ ਗੱਲ ਬਿਨਾ ਕਿਸੇ ਝਿਜਕ ਕਹਿ ਸਕਦਾ ਹਾਂ ਕਿ ਉਸ ਨੂੰ ਕਦੇ ਵੀ ਕਿਸੇ ਨੇ ਮਾਂ ਦੀ ਗਾਲ ਨਹੀ ਕੱਢੀ ਪਰ ਮਾਂ ਦੇ ਓਹਲੇ ਹੇਠ ਉਸ ਨੇ ਆਪਣੇ ਦੁਆਰਾ ਕੱਢੀ ਹੋਈ ਗਾਲ ਨੂੰ ਸਹੀ ਸਾਬਤ ਕਰਨ ਦੀ ਜੋ ਕੋਸ਼ਿਸ਼ ਕੀਤੀ ਹੈ ਉਸ ਨਾਲ ਪੰਜਾਬੀ



ਮਨਾ ਚ ਮਾਨ ਦੇ ਪ੍ਰਤੀ ਦੂਰੀ ਹੋਰ ਵਧੀ ।

ਗੱਲ ਸੁਣੋ ਪੰਜਾਬੀਓ ਗੀਤ ਵਿੱਚ ਗੁਰਦਾਸ ਮਾਨ ਭਾਵੁਕ ਘੱਟ ਪਰ ਉਦਾਸ ਤੇ ਮਾਯੂਸ ਵਧੇਰੇ ਨਜਰ ਆਏ ਸਨ । ਉਹਨਾਂ ਦੀ ਬੌਡੀ ਲੈਂਗੁਏਜ ਬਿਖਰੀ ਹੋਈ ਨਜ਼ਰ ਆ ਰਹੀ ਸੀ । ਸਾਰੇ ਗਾਣੇ ਵਿੱਚੋਂ ਇਹ ਅਹਿਸਾਸ ਹੋ ਰਿਹਾ ਸੀ ਕਿ ਗੁਰਦਾਸ ਮਾਨ ਅੰਦਰ ਕੀਤੀ ਗਈ ਗਲਤੀ ਦਾ ਅਫ਼ਸੋਸ ਜਾਂ ਝੁਰੇਵਾਂ ਤਾਂ ਜਰੂਰ ਹੈ, ਪਰ ਗਲਤੀ ਮੰਨਣ ਵਾਸਤੇ ਉਸ ਦੀ ਹਓ ਹੈਕੜੀ ਉਸ ਦੀ ਬਿਲਕੁਲ ਵੀ ਪੇਸ਼ ਨਹੀਂ ਜਾਣ ਦਿੰਦੀ ।

ਮਨੁੱਖ ਗਲਤੀਆਂ ਦਾ ਪੁਤਲਾ ਹੈ । ਭੁੱਲਾਂ ਹਰੇਕ ਤੋ ਹੋ ਜਾਂਦੀਆਂ ਹਨ ਪਰ ਭੁਲ ਬਖ਼ਸ਼ਾਉਣ ਦੀ ਜੁਗਤੀ ਬਹੁਤ ਘੱਟ ਲੋਕਾਂ ਕੋਲ ਹੁੰਦੀ ਹੈ । ਕਈ ਅਜਿਹੇ ਵੀ ਹੁੰਦੇ ਹਨ ਕਿ ਉਹ ਇਕ ਭੁਲ ਕਰਨ ਤੋ ਬਾਅਦ ਹੋਈ ਭੁੱਲ ਨੂੰ ਰਫਾ ਦਫ਼ਾ ਕਰਨ ਵਾਸਤੇ ਹੋਰ ਬਹੁਤ ਸਾਰੀਆਂ ਭੁੱਲਾਂ ਕਰ ਜਾਂਦੇ ਹਨ । ਆਪਣੀ ਭੁੱਲ ਨੂੰ ਸਹੀ ਦੱਸਣ ਵਾਸਤੇ ਉਹਨਾਂ ਦੁਆਰਾ ਦਿੱਤੇ ਗਏ ਦਲੀਲ ਤੇ ਸ਼ਪੱਸ਼ਟੀਕਰਨ, ਉਹਨਾ ਦੁਆਰਾ ਕੀਤੀ ਗਈ ਪਹਿਲੀ ਭੁੱਲ ਨੂੰ ਲੋਕ ਮਨਾਂ ਚ ਹੋਰ ਪੱਕਾ ਕਰ ਜਾਂਦੇ ਹਨ । ਦਰਅਸਲ ਗੁਰਦਾਸ ਮਾਨ ਨਾਲ ਵੀ ਏਹੀ ਕੁੱਜ ਹੋ ਰਿਹਾ ਹੈ । ਹੁਣ ਪੰਜ ਸਾਲ ਬਾਅਦ ਬੱਤੀ ਲੈਣ ਦੀ ਨਵੀਂ ਵਿਆਖਿਆ ਕਰਨ ਦੀ ਉਸ ਨੂੰ ਬਿਲਕੁਲ ਵੀ ਲੋੜ ਨਹੀਂ ਸੀ ਕਿਉਂਕਿ ਇਹ ਵਿਆਖਿਆ ਉਸ ਵਕਤ ਕੀਤੀ ਜਾਂਦੀ ਤਾਂ ਬਹੁਤ ਕਾਰਗਾਰ ਹੁੰਦੀ, ਜਿਸ ਵਕਤ, ਉਸ ਵਲੋਂ ਕਿਸੇ ਨੂੰ ਸਟੇਜ ਤੋਂ ਉਕਤ ਸ਼ਬਦ ਬੋਲੇ ਗਏ ਸਨ । ਹੁਣ ਪੰਜ ਸਾਲ ਬਾਅਦ ਉਕਤ ਸ਼ਬਦਾਂ ਦੀ ਵਿਆਖਿਆ ਕਰਕੇ ਮਾਨ ਨੇ ਖੁਦ ਹੀ ਇਹ ਸਾਬਤ ਕਰ ਦਿੱਤਾ ਹੈ ਕਿ ਉਸ ਦੁਆਰਾ ਗੁੱਸੇ ਵਿਚ ਬੋਲੇ ਗਏ ਉਕਤ ਸ਼ਬਦ ਬੇਸ਼ੱਕ ਗਲਤ ਸਨ, ਪਰ ਉਹ ਅੱਜ ਵੀ ਆਪਣੀ ਕੀਤੀ ਹੋਈ ਗਲਤੀ ਨੂੰ ਮੰਨਣ ਵਾਸਤੇ ਤਿਆਰ ਨਹੀਂ, ਇਸ ਦਾ ਕਾਰਨ ਉਸ ਅੰਦਰਲੀ ਆਦਮ ਕੱਦ ਈਗੋ ਬਿਰਤੀ ਹੈ ਜਾਂ ਆਪਣੇ ਆਪ ਨੂੰ ਲੋਕਾਂ ਤੋਂ ਵੱਧ ਲਿਆਣਾ ਸਮਝਣ ਦਾ ਭਰਮ ਹੈ, ਜਿਸ ਬਾਰੇ ਗੁਰਦਾਸਮਾਨ ਖੁਦ ਹੀ ਖੁਲਾਸਾ ਕਰੇ ਤਾਂ ਬੇਹਤਰ ਹੋਵੇਗਾ।

ਮੈਂ ਇਥੇ ਸਿਰਫ ਏਹੀ ਕਹਾਂਗਾ ਕਿ ਗੁਰਦਾਸ ਮਾਨ ਨੂੰ ਇਸ ਮਸਲੇ ਦਾ ਹੱਲ ਕਰਨ ਵਾਸਤੇ ਹੋਰਾਂ ਦੀ ਬਜਾਏ ਆਪਣੇ ਨਾਮ (ਗੁਰ + ਦਾਸ = ਗੁਰਦਾਸ = ਗੁਰੂ ਦਾ ਦਾਸ) ਤੋਂ ਕੁਝ ਸੇਧ ਲੈ ਲੈਣੀ ਚਾਹੀਦੀ ਹੈ ਕਿਉਂ ਕਿ ਜੋ ਵਿਅਕਤੀ ਆਪਣੇ ਗੁਰੂ ਦਾ ਦਾਸ ਹੁੰਦਾ ਹੈ, ਉਹ ਗੁਰੂ ਦੀਆਂ ਸਿੱਖਿਆਵਾਂ ਦਾ ਪਾਲਣ ਬਹੁਤ ਹੀ ਨਿਮਰ ਹੋ ਕੇ ਕਰਦਾ ਹੈ, ਉਸ ਵਿਚ ਅੱਖੜਤਾ ਰੱਤੀ ਮਾਤਰ ਵੀ ਨਹੀਂ ਹੁੰਦੀ, ਉਹ ਹਾਊਮੈਂ ਤੋਂ ਰਹਿਤ ਹੋ ਕੇ ਚਲਦਾ ਤੇ ਗੁਰੂ ਦਾ ਦਾਸ ਬਣਨ ਦਾ ਏਹੀ ਇਕ ਰਸਤਾ ਹੈ, ਪਰ ਮਾਨ ਤਾਂ ਮੈਂ ਨਾ ਮਾਨੂੰ ਦੀ ਅੜੀ 'ਤੇ ਅੜਕੇ ਆਪਣੀ ਸਾਰੀ ਜਿੰਦਗੀ ਦੀ ਕਮਾਈ ਹੋਈ ਇੱਜਤ ਦਾਅ 'ਤੇ ਲਾਈ ਜਾ ਰਿਹਾ ਹੈ, ਇਹ ਕਿਥੋਂ ਦੀ ਅਕਲਮੰਦੀ ਹੋਈ ?

ਮੈਂ ਅੱਜ ਤੋਂ ਪੰਜ ਸਾਲ ਪਹਿਲਾਂ ਵੀ ਇਕ ਦੋ ਆਰਟੀਕਲ ਇਸ ਮਸਲੇ 'ਤੇ ਲਿਖੇ ਸਨ ਤੇ ਫਿਰ ਕਿਸਾਨ ਅੰਦੋਲਨ ਦੌਰਾਨ ਗੁਰਦਾਸ ਮਾਨ ਜਦੋਂ ਸੰਭੂ ਬਾਰਡਰ, ਸਿਰ 'ਤੇ ਪਰਨਾ ਬੰਨ੍ਹਕੇ ਗਿਆ ਸੀ ਤੇ ਬਾਅਦ ਵਿਚ ਇਸੇ ਵਿਸ਼ੇ ਨਾਲ ਸੰਬੰਧਿਤ ਗੀਤ "ਗੱਲ ਸੁਣੋ ਪੰਜਾਬੀਓ " ਰਿਲੀਜ ਕੀਤਾ ਸੀ, ਉਦੋਂ ਵੀ ਇਹ ਗੱਲ ਵਾਰ ਵਾਰ ਕਹੀ ਸੀ ਕਿ ਗੁਰਦਾਸ ਮਾਨ ਪੰਜਾਬੀਆਂ ਦਾ ਮਾਣ ਹੈ , ਗਲਤੀ ਹਰ ਇਕ ਤੋਂ ਹੁੰਦੀ ਹੈ, ਇਹ ਕੋਈ ਜੱਗੋਂ ਤੇਹਰਵੀਂ ਗੱਲ ਨਹੀਂ ਹੋਈ , ਇਸ ਕਰਕੇ ਬਿਨਾ ਕਿਸੇ ਵਾਦ ਵਿਵਾਦ ਉਸ ਨੂੰ ਗਲਤੀ ਮੰਨਕੇ ਇਸ ਮਸਲੇ ਤੋਂ ਅੱਗੇ ਵਧ ਜਾਣਾ ਚਾਹੀਦਾ ਹੈ, ਪੰਜਾਬੀ ਉਸ ਨੂੰ ਸਿਰ ਅੱਖਾਂ 'ਤੇ ਹੀ ਨਹੀਂ ਬਲਕਿ ਮੁੜ ਤੋਂ ਹਿਰਦੇ ਵਿਚ ਵਸਾ ਲੈਣਗੇ ।

ਮੈਂ ਇਹ ਗੱਲ ਵੀ ਵਾਰ ਵਾਰ ਕੀਤੀ ਸੀ ਕਿ ਇਸ ਮਸਲੇ ਨੂੰ ਜਿੰਨਾ ਲਮਕਾਇਆ ਜਾਵੇਗਾ, ਉਨਾ ਹੀ ਇਹ ਮਸਲਾ ਹੋਰ ਪੇਚੀਦਾ ਬਣ ਜਾਵੇਗਾ ਤੇ ਮੇਰੀ ਕਹੀ ਹੋਈ ਗੱਲ ਬਿਲਕੁਲ ਸਾਬਿਤ ਹੋ ਰਹੀ ਹੈ । ਹੁਣ ਇਹ ਮਸਲਾ ਮਾਨ ਨੇ ਖੁਦ ਆਪ ਹੀ ਏਨਾ ਕੁ ਉਲਝਾ ਲਿਆ ਹੈ ਕਿ ਹਾਲਾਤ " ਆਪੇ ਫਾਥੜੀਏ, ਤੈਨੂੰ ਕੌਣ ਛੁਡਾਵੇ" ਵਾਲੇ ਬਣ ਚੁੱਕੇ ਹਨ । ਉਂਜ ਕਹਿਣ ਨੂੰ ਬੇਸ਼ੱਕ ਕੋਈ ਵੀ ਕਹੀ ਜਾਵੇ ਕਿ ਗੁਰਦਾਸ ਮਾਨ ਨੂੰ ਮੁਆਫ ਕਰ ਦੇਣਾ ਚਾਹੀਦਾ ਤੇ ਮੈ ਵੀ ਏਹੀ ਹਾਮੀ ਭਰਦਾ ਹਾਂ, ਪਰ ਕੋਈ ਉਸ ਦੇ ਹੱਕ ਵਿਚ ਉਸ ਵੇਲੇ ਗੱਲ ਕਰਦਾ ਹੀ ਸੋਂਹਦਾ ਹੈ ਜੇਕਰ ਗੁਰਦਾਸ ਮਾਨ ਖੁਦ ਆਪ ਦਿਲੋਂ ਮਨੋ ਗਲਤੀ ਮੰਨਣ ਲਈ ਸੰਜੀਦਾ ਹੋਵੇ , ਜਦ ਕਿ ਉਹ ਅਜਿਹਾ ਕਰਨ ਵਾਸਤੇ ਅਜੇ ਵੀ ਤਿਆਰ ਨਹੀਂ, ਉਹ ਅਜੇ ਵੀ ਏਹੀ ਮੰਨਕੇ ਚੱਲ ਰਿਹਾ ਹੈ ਕਿ ਸ਼ਾਇਦ ਪੰਜ ਸਾਲ ਪਹਿਲਾਂ ਹੋਈ ਘਟਨਾ ਪੰਜਾਬੀ ਭੁੱਲ ਗਏ ਹੋਣਗੇ, ਉਹ ਆਪ ਹੀ ਮੰਨੀ ਜਾਂਦਾ ਹੈ ਕਿ ਗਲਤੀ ਉਹ ਆਪ ਨਹੀਂ ਮੰਗ ਰਿਹਾ, ਬਲਕਿ ਉਸ ਨੂੰ ਅਮਰੀਕਾ ਵਿਚ ਸ਼ੋਅ ਆਯੋਜਿਤ ਕਰਾਉਣ ਵਾਲੇ ਪਰੋਮੋਟਰਾ/ ਪ੍ਰਬੰਧਕਾਂ ਦੇ ਕਹਿਣ 'ਤੇ ਅਜਿਹਾ ਕਰਨਾ ਪੈ ਰਿਹਾ ਹੈ ।

**ਗੁਰਦਾਸ ਮਾਨ ਦੀ ਆਪਣੀ ਕੀਤੀ ਹੋਈ ਗਲਤੀ ਨੂੰ ਸੁਧਾਰਨ ਲਈ ਕੀਤੀ ਹਰ ਕੋਸ਼ਿਸ਼ ਤੋ ਬਾਅਦ ਹੁਣ ਇਹ ਗੱਲ ਵੀ ਉਭਰਕੇ ਸਾਹਮਣੇ ਆ ਰਹੀ ਹੈ ਕਿ ਸ਼ਾਇਦ ਉਸ ਨੂੰ ਅਜੇ ਤੱਕ ਵੀ ਇਹ ਸਮਝ ਨਹੀਂ ਆਈ ਕਿ ਮੁੱਖ ਮੁੱਦਾ ਗੁਰਦਾਸ ਮਾਨ ਬਨਾਮ ਪੰਜਾਬੀ ਬੋਲੀ ਦਾ ਨਹੀਂ ਬਲਕਿ ਮੁੱਦਾ ਤਾਂ ਉਸ ਦੁਆਰਾ ਉਹਨਾਂ ਫਿਰਕੂ ਤਾਕਤਾਂ, ਜੋ ਹਮੇਸ਼ਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਘਾਣ ਕਰਦੀਆਂ ਰਹੀਆ ਹਨ, ਦਾ ਹੱਥ ਠੋਕਾ ਬਣਕੇ ਪੰਜਾਬੀਅਤ ਦੇ ਵਿਰੋਧ ਚ ਭੁਗਤ ਜਾਣਾ ਹੈ।**

ਨਿਰਸੰਦੇਹ ਗੁਰਦਾਸ ਮਾਨ ਪੰਜਾਬੀ ਗਾਇਕੀ ਦੀ ਧਰੂ ਤਾਰਾ ਹੈ, ਉਸ ਨੇ ਪੰਜਾਬੀ ਬੋਲੀ ਦਾ ਨਾਮ ਬਹੁਤ ਚਮਕਾਇਆ ਹੈ ਤੇ ਅਜਿਹਾ ਕਰਕੇ ਨਾਮ ਤੇ ਪੈਸਾ ਵੀ ਬਹੁਤ ਕਮਾਇਆ । ਉਸ ਨੇ ਜੋ ਵੀ ਲਿਖਿਆ ਤੇ ਗਾਇਆ ਉਸ ਨਾਲ ਪੰਜਾਬੀ ਬੋਲੀ ਦਾ ਬਹੁਤ ਮਾਣ ਤੇ ਸਨਮਾਨ ਹੋਇਆ, ਪਰ ਇਸ ਦੇ ਨਾਲ ਹੀ ਭੁੱਲਣਾ ਇਹ ਵੀ ਨਹੀਂ ਚਾਹੀਦਾ ਕਿ ਮਾਂ ਬੋਲੀ ਪੰਜਾਬੀ ਤੇ ਪੰਜਾਬੀ ਭਾਈਚਾਰੇ ਨੇ ਵੀ ਬਦਲੇ ਵਿੱਚ ਗੁਰਦਾਸ ਮਾਨ ਨੂੰ ਬਹੁਤ ਕੁੱਜ ਦਿੱਤਾ, ਉਸ ਨੂੰ ਦੌਲਤ, ਸ਼ੋਹਰਤ ਤੇ ਜਗਤ ਪਰਸਿੱਧੀ ਦਿੱਤੀ ਤੇ ਉਸ ਦੇ ਨਾਮ ਨਾਲ ਪੰਜਾਬੀ ਲੋਕਾਈ ਨੇ ਪੰਜਾਬੀ ਗਾਇਕੀ ਦਾ ਬਾਬਾ ਬੋਹੜ ਹੋਣ ਦਾ ਲਕਬ ਵੀ ਜੋੜਿਆ ।

ਗੁਰਦਾਸ ਮਾਨ ਦੀ ਆਪਣੀ ਕੀਤੀ ਹੋਈ ਗਲਤੀ ਨੂੰ ਸੁਧਾਰਨ ਲਈ ਕੀਤੀ ਹਰ ਕੋਸ਼ਿਸ਼ ਤੋ ਬਾਅਦ ਹੁਣ ਇਹ ਗੱਲ ਵੀ ਉਭਰਕੇ ਸਾਹਮਣੇ ਆ ਰਹੀ ਹੈ ਕਿ ਸ਼ਾਇਦ ਉਸ ਨੂੰ ਅਜੇ ਤੱਕ ਵੀ ਇਹ ਸਮਝ ਨਹੀਂ ਆਈ ਕਿ ਮੁੱਖ ਮੁੱਦਾ ਗੁਰਦਾਸ ਮਾਨ ਬਨਾਮ ਪੰਜਾਬੀ ਬੋਲੀ ਦਾ ਨਹੀਂ ਬਲਕਿ ਮੁੱਦਾ ਤਾਂ ਉਸ ਦੁਆਰਾ ਉਹਨਾਂ ਫਿਰਕੂ ਤਾਕਤਾਂ, ਜੋ ਹਮੇਸ਼ਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਘਾਣ ਕਰਦੀਆਂ ਰਹੀਆ ਹਨ, ਦਾ ਹੱਥ ਠੋਕਾ ਬਣਕੇ ਪੰਜਾਬੀਅਤ ਦੇ ਵਿਰੋਧ ਚ ਭੁਗਤ ਜਾਣਾ ਹੈ । ਗੁਰਾਦਾਸ ਮਾਨ ਦੀ ਕਲਾਕਾਰੀ 'ਤੇ ਕਿਸੇ ਨੂੰ ਵੀ ਕੋਈ ਕਿੰਤੂ ਨਹੀਂ, ਬਸ ਗਿਲਾ, ਦੁੱਖ ਤੇ ਅਫ਼ਸੋਸ ਇਸ ਗੱਲ ਦਾ ਹੈ ਕਿ ਲੋਕ ਜਿਸ ਗੁਰਦਾਸ ਮਾਨ ਨੂੰ ਪੰਜਾਬੀਅਤ ਦਾ ਤਾਜ ਸਮਝਦੇ ਸਨ, ਉਸੇ ਗੁਰਦਾਸ ਮਾਨ ਨੇ ਉਸ ਤਾਜ ਨੂੰ ਫਿਰਕੂ ਤਾਕਤਾਂ ਦੇ ਪੈਰਾਂ ਚ ਸੁੱਟਣ ਦੀ ਕੋਸ਼ਿਸ਼ ਕੀਤੀ ਹੈ । 1947 ਤੋ ਲੈ ਕੇ ਅੱਜ ਤੱਕ ਪੰਜਾਬੀ ਜਿਹਨਾ ਤਾਕਤਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਏ ਜੇਕਰ ਗੁਰਦਾਸ ਉਹਨਾਂ ਦੇ ਹੱਕ ਚ ਭੁਗਤਿਆ ਹੈ ਤਾਂ ਨਿਸ਼ਚੇ ਹੀ ਉਸ ਨੂੰ ਪੰਜਾਬੀਆ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਹੀ ਪੈਣਾ ਸੀ । ਇਹ ਭੁੱਲ ਸੁਧਾਰੀ ਜਾ ਸਕਦੀ ਸੀ ਪਰ ਸਮੇਂ ਦੇ ਵਕਫ਼ੇ ਨਾਲ ਇਹ ਸੰਭਾਵਨਾ ਹੁਣ ਬਹੁਤ ਮੱਧਮ ਹੋ ਗਈ ਹੈ । ਗੁਰਦਾਸ ਮਾਨ ਦੀ ਹਰ ਕੋਸ਼ਿਸ਼ , ਲੋਕ ਮਨਾ ਚ ਉਸ ਪ੍ਰਤੀ ਪਹਿਲੀ ਪਈ ਦੂਰੀ ਦੀ ਤਰੇੜ ਨੂੰ ਹੋਰ ਪੱਕਾ ਕਰਨ ਦਾ ਕੰਮ ਕਰ ਰਹੀ ਹੈ ਤੇ ਗਲਤੀ ਮੰਨਣ ਸਬੰਧੀ ਸ਼ੋਸ਼ਲ ਮੀਡੀਓ ਉੱਤੇ ਵਾਇਰਲ ਹੋਈ ਉਸ ਦੀ ਤਾਜਾ ਵੀਡੀਓ, ਲੋਕ ਮਨਾਂ ਵਿਚ ਹੋਰ ਬਹੁਤ ਸਾਰੇ ਨਵੇਂ ਕਿੰਤੂ ਪਰੰਤੂ ਖੜ੍ਹੇ ਕਰ ਗਈ ਹੈ ਜਿਸ ਨਾਲ ਉਹ ਲੋਕ ਮਨਾਂ ਤੋਂ ਹੋਰ ਦੂਰ ਖਿਸਕ ਗਿਆ ਹੈ, ਜਿਸ ਦਾ ਬੇਹੱਦ ਅਫ਼ਸੋਸ ਹੈ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਗੁਰਦੁਆਰਾ ਭਲਾਈ ਸਾਹਿਬ ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਪਿੰਡ ਕਟੋਰਾ ਵਿਖੇ

# ਧੰਨ-ਧੰਨ ਸ੍ਰੀ ਗੁਰੂ ਅਮਰਦਾਸ ਜੀ ਦਾ ਜੋਤੀ-ਜੋਤ ਗੁਰਪੁਰਬ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ






**ਫ਼ਿਰੋਜ਼ਪੁਰ, 30 ਸਤੰਬਰ (ਮਨੋਹਰ ਲਾਲ)** :— ਗੁਰਦੁਆਰਾ ਭਲਾਈ ਸਾਹਿਬ ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਪਿੰਡ ਕਟੋਰਾ ਵਿਖੇ ਧੰਨ—ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਦਿਵਸ ਨੂੰ ਸਮਰਪਿਤ ਜ਼ੋਤੀ ਜ਼ੋਤ ਗੁਰਪੁਰਬ ਬੜੀ ਸਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ, ਢਾਡੀ ਜਥਿਆਂ ਨੇ ਆਪਣੀ ਮਧੁਰ ਬਾਣੀ ਨਾਲ ਗੁਰਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ਇਸ ਤੋਂ ਇਲਾਵਾ ਭਾਈ ਦੇਸਾ ਸਿੰਘ ਦਲੇਰ ਢਾਡੀ ਜਥਾ, ਭਾਈ ਕੁਲਦੀਪ ਸਿੰਘ, ਭਾਈ ਅੰਮ੍ਰਿਤਪ੍ਰੀਤ ਸਿੰਘ, ਬੀਬੀ ਦਲਜੀਤ ਕੌਰ, ਭਾਈ ਹਰਜਿੰਦਰ ਸਿੰਘ, ਭਾਈ ਬੋਹੜ ਸਿੰਘ ਢਾਡੀ ਜਥੇ ਤੋਂ ਇਲਾਵਾ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਜਥੇ ਭਾਈ ਗੁਰਮੇਲ ਸਿੰਘ ਅਰਜਨ, ਭਾਈ ਸੁਖਦੇਵ ਸਿੰਘ ਸੁਖਾ, ਡਾ: ਰਜਿੰਦਰ ਸਿੰਘ ਬਿੱਲਾ ਤੋਂ ਇਲਾਵਾ ਧਾਰਮਿਕ ਸਖਸ਼ੀਅਤਾਂ, ਰਾਜਨੀਤਕ ਸਖਸ਼ੀਅਤਾਂ ਨੇ ਵੀ ਆਪਣੀ ਹਾਜ਼ਰੀ ਲੁਆਈ, ਜਿਨ੍ਹਾਂ ਵਿਚ ਭਾਈ ਦਿਲਬਾਗ ਸਿੰਘ ਆਰਿਫਕੇ ਤੋਂ ਇਲਾਵਾ ਜੁਗਰਾਜ ਸਿੰਘ ਕਟੋਰਾ ਸੀਨੀਅਰ ਆਗੂ ਭਾਜਪਾ ਨੇ ਦੋ ਦਿਨ ਨਗਰ ਕੀਰਤਨ ਵਿਚ ਅਤੇ ਸਮਾਗਮਾਂ ਵਿਚ ਹਾਜ਼ਰੀ ਭਰੀ। ਇਸ ਮੌਕੇ ਤੇ ਗੁਰੂ ਰਾਮਦਾਸ ਸੀਨੀਅਰ ਪਬਲਿਕ ਸਕੂਲ ਸ਼ਾਹਦੀਨ ਦੇ ਬੱਚੇ ਅਤੇ ਬੱਚੀਆਂ ਨੇ ਕੀਰਤਨ ਅਤੇ ਕਵੀਸ਼ਰੀ ਅਤੇ ਹੋਰ ਵੀ ਬਹੁਤ ਸਾਰੇ ਧੰਨ—ਧੰਨ ਗੁਰੂ ਅਮਰਦਾਸ ਜੀ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਤੇ ਬਾਬਾ ਜੀਵਨ ਸਿੰਘ ਬਲੱਡ ਡੋਨਰ ਕਲੱਬ ਫ਼ਿਰੋਜ਼ਪੁਰ ਨੇ ਖ਼ੂਨਦਾਨ ਕੈਂਪ ਲਾਇਆ, ਜਿਸ ਵਿਚ ਸੰਗਤਾਂ ਨੇ ਖ਼ੂਨਦਾਨ ਦਿੱਤਾ। ਇਸ ਮੌਕੇ ਤੇ ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਪੁਰੀ ਅਰਮਾਨਪੁਰਾ ਆਸਲ ਅਤੇ ਗੁਰਦੁਆਰਾ ਭਲਾਈ ਸਾਹਿਬ ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਪਿੰਡ ਕਟੋਰਾ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਭਗਤ ਮਿਲਖਾ ਸਿੰਘ ਜੀ ਹੁਕਮਨਾਮੇ ਦੀ ਕਥਾ ਕਰਦਿਆਂ ਆਖਿਆ ਕਿ ਸਾਨੂੰ ਵਾਹਿਗੁਰੂ ਜੀ ਦੇ ਭਾਣੇ ਵਿਚ ਰਹਿ ਕੇ ਆਪਣਾ ਜੀਵਨ ਬਸਰ ਕਰਨਾ ਚਾਹੀਦਾ ਹੈ ਅਤੇ ਸਾਨੂੰ ਵੱਧ ਤੋਂ ਵੱਧ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਲੜ ਲੱਗਣਾ ਚਾਹੀਦਾ ਹੈ। ਬਾਬਾ ਜੀ ਨੇ ਅੱਗੇ ਦੱਸਿਆ ਕਿ ਪੰਜਾਬ ਵਿਚ 5 ਦਰਿਆ ਦੀ ਥਾਂ ਛੇਵਾਂ ਦਰਿਆ ਨਸ਼ਿਆਂ ਦਾ ਵਗ ਰਿਹਾ ਹੈ, ਜਿਸ ਨੇ ਸਾਡੇ ਘਰਾਂ ਦੇ ਘਰ ਤਬਾਹ ਕਰ ਦਿੱਤੇ, ਮਾਵਾਂ ਦੇ ਨਾਲ ਹੱਥੀਂ ਤੁਰ ਗਏ, ਸਾਨੂੰ ਨਸ਼ਿਆਂ ਤੋਂ ਸਾਡੀ ਨੌਜਵਾਨ ਪੀੜ੍ਹੀ ਨੂੰ ਬਚਾਉਣਾ ਚਾਹੀਦਾ ਹੈ। ਬਾਬਾ ਜੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੋ ਦਿਨ ਨਗਰ ਕੀਰਤਨ ਅਤੇ ਸਮਾਗਮ ਵਿਚ ਹਾਜ਼ਰੀ ਭਰੀ। ਇਸ ਮੌਕੇ ਤੇ ਬਾਬਾ ਜੀ ਨੇ ਆਏ ਹੋਏ ਪਤਵੰਤੇ ਸਖਸ਼ੀਅਤਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਕੰਪੀਟੈਨਸੀ ਇਨਹਾਸਮੈਂਟ ਪਲਾਨ ਤਹਿਤ

# ਜ਼ਿਲ੍ਹੇ ਦੇ 1200 ਅਧਿਆਪਕਾਂ ਦੇ ਇੱਕ ਰੋਜ਼ਾ ਸੈਮੀਨਾਰ ਲਗਾਏ




**ਫ਼ਿਰੋਜ਼ਪੁਰ, 30 ਸਤੰਬਰ (ਮਨੋਹਰ ਲਾਲ)** :— ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਜ਼ਿਲ੍ਹਾ ਸਿੱਖਿਆ ਅਫ਼ਸਰ ਮੁਨਿਲਾ ਅਰੋੜਾ ,ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸਤਿੰਦਰ ਸਿੰਘ, ਪ੍ਰਿੰਸੀਪਲ ਡਾਇਟ ਸਟੇਟ ਅਵਾਰਡੀ ਸੀਮਾ । ਡੀ ਆਰ ਸੀ ਸੁਮਿਤ ਗਲਹੋਤਰਾ ਦੀ ਆਗਵਾਈ ਵਿੱਚ ਜਿਲੇ ਦੇ 11 ਬਲਾਕਾਂ ਫਿਰੋਜਪੁਰ—1, ਫਿਰੋਜਪੁਰ—2, ਫਿਰੋਜਪੁਰ —3 , ਮਮਦੋਟ , ਸਤੀਏਵਾਲਾ, ਘੱਲ ਖੁਰਦ, ਜੀਰਾ , ਮੱਲਾਂਵਾਲਾ , ਮੱਖੂ, ਗੁਰੂਹਰਸਹਾਏ —1। ਗੁਰੂਹਰਸਹਾਏ —2 ਦੇ ਲਗਭਗ 1200 ਅਧਿਆਪਕਾਂ ਦੇ ਗਣਿਤ, ਵਿਗਿਆਨ ,ਪੰਜਾਬੀ, ਸਮਾਜਿਕ ਸਿੱਖਿਆ ਵਿਸ਼ੇ ਨਾਲ ਸਬੰਧਿਤ ਇੱਕ ਰੋਜ਼ਾ ਸੈਮੀਨਾਰ ਲਗਾਇਆ ਗਿਆ। ਇਸ ਮੌਕੇ ਡੀ.ਆਰ.ਪੀ ਸੁਮਿੱਤ ਗਲਹੋਤਰਾ ਨੇ ਦੱਸਿਆ ਇਨ੍ਹਾਂ ਸੈਮੀਨਾਰਾਂ ਦਾ ਮੁੱਖ ਵਿਸ਼ਾ ਕੰਪੀਟੈਂਸੀ ਇੰਨਹਾਸਮੈਂਟ ਪਲਾਨ ਰਿਹਾ।ਸੈਮੀਨਾਰ ਵਿਚ ਵੱਖ—ਵੱਖ ਪਾਠਕ੍ਰਮਾ ਅਤੇ ਨਵੇਂ ਸਿਖਲਾਈ ਤਰੀਕਿਆ ਤੇ ਚਰਚਾ ਕੀਤੀ ਗਈ। ਇਸ ਸੈਮੀਨਾਰ ਵਿੱਚ ਮੁੱਖ ਤੌਰ ਤੇ ਵੱਖ—ਵੱਖ ਵਿਸ਼ੇ ਮਾਹਿਰਾ, ਬੀ.ਆਰ.ਸੀ ਨੇ ਵੱਖ—ਵੱਖ ਵਿਸ਼ਿਆ ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਰਿਸੋਰਸ ਪ੍ਰਸਨ ਦੁਆਰਾ ਵੱਖ—ਵੱਖ ਸਿਖਣ ਵਿਧੀਆ ਅਤੇ ਸਿੱਖਿਆ ਵਿੱਚ ਆਧੁਨਿਕ ਸਾਧਨਾ ਦੀ ਵਰਤੋ ਬਾਰੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ। ਵਿਦਿਆਰਥੀਆ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਨਵੀਆ ਸਿੱਖਣ ਤਕਨੀਕਾ ਨੂੰ ਅਪਨਾਉਣ ਤੇ ਜ਼ੋਰ ਦਿੱਤਾ ਗਿਆ।ਸੈਮੀਨਾਰ ਦਾ ਉਦੇਸ਼ ਸਿੱਖਣ ਤੇ ਸਿਖਾਉਣ ਦੇ ਸਾਧਨਾ ਵਿੱਚ ਸੁਧਾਰ ਲਿਆਉਣ ਅਤੇ ਸਕੂਲ ਪ੍ਰਬੰਧਕਾ ਨੂੰ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਮੁਤਾਬਕ ਸਿਖਲਾਈ ਦੇਣ ਲਈ ਉਤਸਾਹਿਤ ਕਰਨਾ ਸੀ। ਇਸ ਮੌਕੇ ਬੀ.ਆਰ.ਸੀ ਕਮਲ ਸ਼ਰਮਾ, ਗੌਰਵ ਤ੍ਰਿਖਾ, ਗਗਨ ਗੱਖੜ, ਅਨਮੋਲ ਸ਼ਰਮਾ, ਅਮਿਤ ਆਨੰਦ, ਹਰਪ੍ਰੀਤ ਸਿੰਘ, ਗੁਰਪ੍ਰੀਤ ਭੁੱਲਰ, ਗੁਰਦੇਵ ਸਿੰਘ, ਰਾਜੀਵ ਸ਼ਰਮਾ, ਸੰਦੀਪ ਕੁਮਾਰ, ਕਮਲ ਵਧਵਾ, ਪ੍ਰਵੀਨ ਕੁਮਾਰ, ਸਤੀਸ਼ ਕੁਮਾਰ, ਸੁਖਦੇਵ ਸਿੰਘ, ਗੁਰਲਾਲ ਸਿੰਘ, ਸੰਦੀਪ ਸਿੰਘ, ਅੰਗਰੇਜ ਕੁਮਾਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਕੂਲੀ ਬੱਚਿਆਂ ਦੇ ਨਤੀਜੇ ਕੀਤੇ ਮਾਪਿਆਂ ਨਾਲ ਸਾਂਝੇ



**ਫ਼ਿਰੋਜ਼ਪੁਰ, 30 ਸਤੰਬਰ (ਮਨੋਹਰ ਲਾਲ)** :— ਫ਼ਿਰੋਜ਼ਪੁਰ—ਮੋਗਾ ਰੋਡ 'ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਖੇ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੇ ਨਿਰਦੇਸ਼ਾਂ ਤੇ ਪੇਰੈਂਟਸ—ਟੀਚਰ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਦੱਸਿਆ ਕਿ ਟਰਮ—1 ਦੇ ਨਤੀਜਿਆਂ ਬਾਰੇ ਮਾਪਿਆਂ ਨੂੰ ਜਾਣਕਾਰੀ ਦੇਣ ਲਈ ਪੀ.ਟੀ.ਐਮ. ਸਵੈ—ਮੁਲਾਂਕਣ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਨੇ ਆਪਣੇ ਮਾਪਿਆਂ ਨੂੰ ਰਿਪੋਰਟ ਕਾਰਡ ਦਿਖਾ ਕੇ ਉਨ੍ਹਾਂ ਨੂੰ ਆਪਣੇ ਇਮਤਿਹਾਨ ਦੇ ਨਤੀਜਿਆਂ ਤੋਂ ਜਾਣੂ ਕਰਵਾਇਆ ਅਤੇ ਭਵਿੱਖ ਵਿੱਚ ਵਧੀਆ ਨਤੀਜੇ ਦੇਣ ਦਾ ਪ੍ਰਣ ਲਿਆ। ਇਸ ਮੌਕੇ ਵਿਦਿਆਰਥੀਆਂ ਅਤੇ ਮਾਪਿਆਂ ਲਈ ਇਹ ਖੁਸ਼ੀ ਦਾ ਮੌਕਾ ਸੀ। ਉਨ੍ਹਾਂ ਦੱਸਿਆ ਕਿ ਪੀ.ਟੀ.ਐਮ ਵਿੱਚ ਅਧਿਆਪਕ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੇ ਪੜ੍ਹਾਈ ਦੇ ਪੱਧਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹਨ, ਜੋ ਕਿ ਬੱਚਿਆਂ ਦੇ ਵਿਕਾਸ ਅਤੇ ਤਰੱਕੀ ਵਿੱਚ ਸਹਾਈ ਸਿੱਧ ਹੁੰਦਾ ਹੈ, ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪ੍ਰੀਖਿਆਵਾਂ ਅਤੇ ਸਖ਼ਤ ਅਧਿਐਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਟਰਮ—1 ਦੀ ਪ੍ਰੀਖਿਆ ਦੇ ਨਤੀਜੇ ਦੇਣ ਸਮੇਂ ਸਕੂਲ ਸਟਾਫ਼ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਆਪੋ ਸਰਕਾਰ ਨੇ ਪੰਚਾਇਤੀ ਚੋਣਾਂ ਵਿੱਚ ਕਰਨ ਲੱਗੀ ਗੁੰਡਾਗਰਦੀ : ਅੰਗਰੇਜ਼ ਸਿੰਘ ਵੜਵਾਲ



**ਫ਼ਿਰੋਜ਼ਪੁਰ, 30 ਸਤੰਬਰ (ਮਨੋਹਰ ਲਾਲ)** :— ਇਮਾਨਦਾਰੀ ਦਾ ਢੋਲ ਵਜਾ ਕੇ ਸਤਾ ਹਾਸਲ ਕਰਨ ਵਿਚ ਕਾਮਯਾਬ ਹੋਈ ਆਮ ਆਦਮੀ ਪਾਰਟੀ ਪੰਚਾਇਤੀ ਚੋਣਾਂ ਵਿੱਚ ਸ਼ਰੇਆਮ ਗੁੰਡਾਗਰਦੀ ਤੇ ਉੱਤਰ ਆਈ ਹੈ। ਆਮ ਲੋਕਾਂ ਨੂੰ ਲੋੜੀਂਦੇ ਕਾਗਜ਼ਾਤ ਮੁਹਈਆਂ ਨਹੀਂ ਕਰਵਾਏ ਜਾ ਰਹੇ। ਇਹਨਾ ਗੱਲਾਂ ਦਾ ਪ੍ਰਗਟਾਵਾ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਾਜਪਾ ਮਜ਼ਦੂਰ ਸੈੱਲ ਦੇ ਪੰਜਾਬ ਪ੍ਰਧਾਨ ਫੌਜੀ ਅੰਗਰੇਜ ਸਿੰਘ ਵੜ੍ਹਵਾਲ ਨੇ ਕੀਤਾ। ਸਰਕਾਰ ਤੇ ਵਰ੍ਹਦਿਆਂ ਅੰਗਰੇਜ ਸਿੰਘ ਵੜ੍ਹਵਾਲ ਨੇ ਕਿਹਾ ਕਿ ਪੰਚਾਇਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਹਾਰ ਦਿਸ ਰਹੀ ਹੈ ਜਿਸ ਕਾਰਨ ਉਹ ਧੱਕੇਸ਼ਾਹੀ ਦਾ ਸਹਾਰਾ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਸਰਪੰਚੀ ਅਤੇ ਪੰਚੀ ਦੇ ਚਾਹਵਾਨ ਉਮੀਦਵਾਰਾਂ ਨੂੰ ਚੁੱਲ੍ਹਾ ਟੈਕਸ ਅਤੇ ਹੋਰ ਜ਼ਰੂਰੀ ਕਾਗਜ਼ਾਤ ਨਹੀਂ ਦਿੱਤੇ ਜਾ ਰਹੇ। ਹਰ ਬਲਾਕ ਵਿਚ ਲੋਕ ਨਾਅਰੇ ਮਾਰ ਰਹੇ ਹਨ। ਸ਼ਰੇਆਮ ਲੋਕਾਂ ਨਾਲ ਧੱਕਾ ਹੋ ਰਿਹਾ ਹੈ। ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਅੱਖਾਂ ਮੀਟ ਕੇ ਸਭ ਕੁਝ ਵੇਖ ਰਿਹਾ ਹੈ। ਕਈਆਂ ਪੰਚਾਇਤਾਂ ਦਾ ਹਾਲੇ ਰਾਖਵੀਆਂ ਕਰਨ ਵਾਲਾ ਰੌਲਾ ਵੀ ਵਿਚੇ ਹੀ ਚੱਲੀ ਜਾਂਦਾ ਹੈ। ਵਰਵਾਲ ਨੇ ਕਿਹਾ ਕਿ ਸਰਕਾਰ ਦੇ ਦਬਾਅ ਕਾਰਨ ਅਫ਼ਸਰ ਆਪਣੀ ਡਿਊਟੀ ਚ ਕੁਤਾਹੀ ਕਰਨੋ ਤੇ ਤੁਲੇ ਹੋਏ ਹਨ ਫੌਜੀ ਵੜਵਾਲ ਆਖਿਆ ਨੈਤਿਕਤਾ ਦਾ ਪਾਠ ਪੜ੍ਹਾਉਣ ਵਾਲੀ ਆਮ ਆਦਮੀ ਪਾਰਟੀ ਨੇ ਲੋਕਤੰਤਰ ਨੂੰ ਮਜ਼ਾਕ ਬਣਾ ਕੇ ਰੱਖ ਦਿੱਤਾ ਹੈ। ਫੌਜੀ ਨੇ ਦਾਅਵਾ ਕੀਤਾ ਕਿ ਪਾਰਦਰਸ਼ੀ ਚੋਣਾਂ ਹੋ ਜਾਣ ਤਾਂ ਆਮ ਆਦਮੀ ਪਾਰਟੀ ਦਾ ਜ਼ਨਾਜ਼ਾ ਨਿਕਲ ਜਾਵੇਗਾ, ਪਰ ਨਮਜ਼ਾਗੀਆਂ ਵੇਲੇ ਹੀ ਸਰਕਾਰ ਨੇ ਧੱਕੇਸ਼ਾਹੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਭਾਜਪਾ ਆਗੂ ਨੇ ਕਿਹਾ ਅਗਰ ਹੁਣ ਹੀ ਅਧਿਕਾਰੀਆਂ ਦੀ ਧੱਕੇਸ਼ਾਹੀ ਦਾ ਇਹੀ ਹਾਲ ਹੈ ਤਾਂ ਚੋਣਾਂ ਸਮੇਂ ਕੀ ਹੋਵੇਗੀ ਵਰਵਾਲ ਨੇ ਕਿਹਾ ਕਿ 'ਆਪ' ਸਰਕਾਰ ਦੀ ਇਸ ਕਥਿਤ ਗੁੰਡਾਗਰਦੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਕ੍ਰਿਸ਼ਨ ਵਰਮਾ ਪੀ.ਏ., ਭਗਵਾਨ ਦਾਸ ਸ਼ਰਮਾ ਪ੍ਰਧਾਨ ਭਾਜਪਾ ਮੰਡਲ ਮਮਦੋਟ, ਵਿਕਰਮਜੀਤ ਸਿੰਘ ਪੋਜੋ ਕੇ ਉਤਾੜ ਉੱਤਰੀ ਜ਼ਿਲ੍ਹਾ ਮੀਤ ਪ੍ਰਧਾਨ ਐਸ.ਸੀ ਮੋਰਚਾ, ਗੁਰਚਰਨ ਸਿੰਘ ਮੀਤ ਪ੍ਰਧਾਨ ਭਾਜਪਾ ਮੰਡਲ ਮਮਦੋਟ, ਬੂਟਾ ਸਿੰਘ ਪੋਜੋ ਕੇ ਉਤਾੜ, ਗੁਰਵਿੰਦਰ ਸਿੰਘ ਅਨਾਇਤ, ਸਵਰਨ ਸਿੰਘ ਜੱਲੋ, ਅਰਸ਼ਦੀਪ ਸਿੰਘ ਬੁੱਕਣ, ਲਵਪ੍ਰੀਤ ਸਿੰਘ ਵੜਵਾਲ ਤੇ ਭੋਜ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਿਆਰਾਮ ਉਤਸਵ ਕਮੇਟੀ ਵੱਲੋਂ ਭਗਵਾਨ ਸ੍ਰੀ ਰਾਮ ਦੀ ਬਰਾਤ 9 ਅਕਤੂਬਰ ਨੂੰ



**ਫ਼ਿਰੋਜ਼ਪੁਰ, 30 ਸਤੰਬਰ (ਮਨੋਹਰ ਲਾਲ)** :— ਸਿਆਰਾਮ ਉਤਸਵ ਕਮੇਟੀ ਵੱਲੋਂ ਪ੍ਰਭੂ ਸ੍ਰੀ ਰਾਮ ਜੀ ਦੀ ਬਰਾਤ ਕੱਢੀ ਜਾ ਰਹੀ ਹੈ, ਜਿਸ ਦੇ ਸਬੰਧ ਵਿਚ ਫ਼ਿਰੋਜ਼ਪੁਰ ਦੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਪ੍ਰਤੀਨਿਧੀਆਂ ਦੀ ਇਕ ਵਿਸ਼ੇਸ਼ ਮੀਟਿੰਗ ਸ੍ਰੀ ਪ੍ਰਿਥਵੀ ਪੂੰਗਲ ਅਤੇ ਦਵਿੰਦਰ ਬਜਾਜ ਦੀ ਪ੍ਰਧਾਨਗੀ ਹੇਠ ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਮੰਦਿਰ ਤੂੜੀ ਬਜ਼ਾਰ ਫ਼ਿਰੋਜ਼ਪੁਰ ਵਿਖੇ ਹੋਈ। ਇਸ ਮੌਕੇ ਸਾਰੀਆਂ ਸੰਸਥਾਵਾਂ ਦੇ ਅਹੁਦੇਦਾਰਾਂ ਦੀ ਸਹਿਮਤੀ ਨਾਲ ਭਗਵਾਨ ਸ੍ਰੀ ਰਾਮ ਜੀ ਦੀ ਭਵਯਾ ਆਰਤੀ ਮਿਤੀ 9 ਅਕਤੂਬਰ ਦਿਨ ਬੁੱਧਵਾਰ ਨੂੰ ਕੱਢਣ ਬਾਰੇ ਸਹਿਮਤੀ ਕੀਤੀ ਗਈ, ਜਿਸ ਤੇ ਸਾਰੀਆਂ ਪਾਰਟੀਆਂ ਦੇ ਆਗੂਆਂ ਨੇ ਪ੍ਰਭੂ ਸ੍ਰੀ ਰਾਮ ਜੀ ਦੀ ਬਰਾਤ ਵਿਚ ਬਾਰਾਤੀ ਦੇ ਤੌਰ ਤੇ ਸੱਦਾ ਪੱਤਰ ਦਿੱਤਾ ਗਿਆ। ਇਸ ਮੌਕੇ ਸਾਰੀਆਂ ਪਾਰਟੀਆਂ ਦੇ ਆਗੂਆਂ ਵੱਲੋਂ ਪ੍ਰਭੂ ਸ੍ਰੀ ਰਾਮ ਜੀ ਦੀ ਬਰਾਤ ਵਿਚ ਬਰਾਤੀ ਦੇ ਤੌਰ ਤੇ ਸੱਦਾ ਦਿੱਤਾ ਗਿਆ ਅਤੇ ਇਹ ਬਰਾਤ ਗੋਖਲੇ ਹਾਲ ਤੋਂ ਸ਼ੁਰੂ ਹੋ ਕੇ ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਮੰਦਿਰ ਮੇਨ ਬਜ਼ਾਰ ਦਿੱਲੀ ਗੇਟ, ਮੈਗਜਨੀ ਗੇਟ, ਡੇਰਾ ਬਾਬਾ ਧਨੀ ਰਾਮ, ਸ੍ਰੀ ਕ੍ਰਿਸ਼ਨਾ ਮੰਦਿਰ ਮੁਹੱਲਾ ਸਚਦੇਵਾ, ਨਿਰਧਨ ਨਿਕੇਤਨ ਮੰਦਿਰ, ਡਾ: ਸਾਧੂ ਚੰਦ ਚੌਂਕ ਤੋਂ ਹੁੰਦਾ ਹੋਇਆ ਹੀਰਾ ਮੰਡੀ ਦੇ ਰਸਤੇ ਜ਼ੀਰਾ ਗੇਟ ਤੋਂ ਪ੍ਰਾਚੀਨ ਸ੍ਰੀ ਸ਼ਿਵਾਲਯਾ ਮੰਦਿਰ ਵਿਖੇ ਅਰਾਮ ਕਰੇਗਾ। ਮੰਦਿਰ ਕਮੇਟੀ ਵੱਲੋਂ ਆਏ ਬਰਾਤੀਆਂ ਲਈ ਭੋਜਨ ਦੀ ਵਿਵਸਥਾ ਕੀਤੀ ਜਾਵੇਗੀ।

### ਜਥੇਦਾਰ ਦਾਦੂਵਾਲ ਜੀ ਨੇ ਨਿਊਯਾਰਕ ਦੇ ਗੁਰੂਘਰਾਂ ਵਿਖੇ

# ਸਿੱਖ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਪਾਈ ਸਾਂਝ



**ਨਿਊਯਾਰਕ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪਿਛਲੇ ਦਿਨੀਂ ਅਮਰੀਕਾ ਵਿਖੇ ਪੁੱਜੇ ਹੋਏ ਹਨ ਜਿਨਾਂ ਨੇ ਐਤਵਾਰ ਨੂੰ ਗੁਰਦੁਆਰਾ ਸੱਚਖੰਡ ਗੁਰੂ ਨਾਨਕ ਦਰਬਾਰ ਅਤੇ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨਿਊਯਾਰਕ ਵਿਖੇ ਸਿੱਖ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਜਥੇਦਾਰ ਦਾਦੂਵਾਲ ਜੀ ਦੇ ਵਿਚਾਰਾਂ ਦਾ ਆਨੰਦ ਮਾਣਿਆ ਜਥੇਦਾਰ ਚਰਨ ਸਿੰਘ ਪ੍ਰੇਮਪੁਰਾ ਪ੍ਰਧਾਨ ਐਨ ਆਰ ਆਈ ਵਿੰਗ ਯੂ ਐਸ ਏ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕੇ ਜਥੇਦਾਰ ਦਾਦੂਵਾਲ ਜੀ ਜੋ ਪਹਿਲੀ ਵਾਰ ਅਮਰੀਕਾ ਦੀ ਧਰਤੀ ਤੇ ਆਏ ਹਨ ਉਹਨਾਂ ਦੇ ਵਿਚਾਰ ਸਰਵਣ ਕਰਨ ਵਾਸਤੇ ਸਿੱਖ ਸੰਗਤਾਂ ਵਿੱਚ ਭਾਰੀ ਉਤਸਾਹ ਪਾਇਆ ਗਿਆ ਹੈ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨਿਊਯਾਰਕ ਅਤੇ ਗੁਰਦੁਆਰਾ ਸੱਚਖੰਡ ਗੁਰੂ ਨਾਨਕ ਦਰਬਾਰ ਨਿਊਯਾਰਕ ਵਿਖੇ ਸਿੱਖ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਸਾਨੂੰ ਮਨੁੱਖਾ ਜਨਮ ਦੀਆਂ ਕਦਰਾਂ ਕੀਮਤਾਂ ਨੂੰ ਸਮਝਦੇ ਹੋਏ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ ਉਨਾਂ ਕਿਹਾ ਕੇ ਆਪਣੇ ਮਾਂ ਬਾਪ ਬੱਚਿਆਂ ਪ੍ਰਤੀ ਆਪਣੇ ਦੇਸ਼ ਕੌਮ ਧਰਮ ਪ੍ਰਤੀ ਸਾਡੇ ਜੋ ਫਰਜ਼ ਬਣਦੇ ਹਨ ਉਹਨਾਂ ਫਰਜਾਂ ਨੂੰ ਚੜਦੀਕਲਾ ਨਾਲ ਨਿਭਾ ਕੇ ਜ਼ਿੰਦਗੀ ਚ ਸੁਰਖਰੂ ਹੋਣਾ ਚਾਹੀਦਾ ਤਾਂ ਹੀ ਵਾਹਿਗੁਰੂ ਦੀ ਦਰਗਾਹ ਦੇ ਵਿੱਚ ਪ੍ਰਵਾਨ ਹੋਇਆ ਜਾਵੇਗਾ ਜਥੇਦਾਰ ਦਾਦੂਵਾਲ ਜੀ ਦੇ ਗੁਰਮਤਿ ਵਿਚਾਰਾਂ ਨੂੰ ਸੁਣ ਕੇ ਸਿੱਖ ਸੰਗਤਾਂ ਪ੍ਰਭਾਵਿਤ ਹੋਈਆਂ ਤੇ ਗੁਰੂਘਰ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸੱਚਖੰਡ ਗੁਰੂ ਨਾਨਕ ਦਰਬਾਰ ਨਿਊਯਾਰਕ ਦੇ ਪ੍ਰਬੰਧਕਾਂ ਵੱਲੋਂ ਜਥੇਦਾਰ ਦਾਦੂਵਾਲ ਜੀ ਨੂੰ ਸਿਰਪਾਓ ਭੇਟ ਕਰਕੇ ਜੈਕਾਰਿਆਂ ਦੀ ਗੂੰਜ ਵਿੱਚ ਸਨਮਾਨਿਤ ਕੀਤਾ ਗਿਆ।





ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਨੇਤਾ ਕੱਲ੍ਹ 11.30 ਵਜੇ ਜਲੰਧਰ ਪ੍ਰੈਸ ਕਲੱਬ ਵਿਖੇ ਪ੍ਰੈਸ ਕਾਨਫਰੰਸ ਕਰਨਗੇ। ਇਹ ਜਾਣਕਾਰੀ ਭਾਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂਆਂ ਨੇ 'ਆਵਾਜ਼ਿ ਕੌਮ' ਨੂੰ ਦਿੱਤੀ। ਆਗੂਆਂ ਨੇ ਇਸ ਮੌਕੇ ਸਮੂਹ ਪੱਤਰਕਾਰ ਭਾਈਚਾਰੇ ਨੂੰ ਅਪੀਲ ਕੀਤੀ ਕਿ ਇਸ ਮੌਕੇ ਵੱਧ ਤੋਂ ਵੱਧ ਗਿਣਤੀ 'ਚ ਪਹੁੰਚ ਕੇ ਕਵਰੇਜ ਦਿੱਤੀ ਜਾਵੇ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

## ਸਾਬਕਾ ਸੈਨਿਕ ਦੀ ਹੋਈ ਮਿਲਣੀ





**ਫ਼ਿਰੋਜ਼ਪੁਰ, 30 ਸਤੰਬਰ (ਮਨੋਹਰ ਲਾਲ)**:— ਪੰਜਾਬ ਰੇਜ਼ੀਮੈਂਟ ਦੇ ਸਾਬਕਾ ਸੈਨਿਕਾਂ ਵੱਲੋਂ ਬਠਿੰਡਾ—ਸੰਗਰੂਰ ਸੜਕ ਤੇ ਸਥਿਤ ਐਸ ਐਕਸ ਐਫ ਹਵੇਲੀ ਹੋਟਲ ਵਿੱਚ ਸਾਬਕਾ ਸੈਨਿਕ ਮਿਲਣੀ ਪਾਰਟੀ ਕੀਤੀ ਗਈ। ਜਿਸ ਦਾ ਬੰਦੋਬਸਤ (24 ਪੰਜਾਬ ਸਾਬਕਾ ਸੈਨਿਕ ਕਮੇਟੀ, ਮਾਲਵਾ ਏਰੀਆ ) ਵਲੋਂ ਕੀਤਾ ਗਿਆ ਅਤੇ ਇਸ ਮੀਟਿੰਗ ਵਿਚ ਸੂਬੇਦਾਰ ਚਰਨ ਸਿੰਘ ਕੀਰਤੀ ਚਕਰਾ ਚੈਅਰਮੈਨ ਸਾਬਕਾ ਸੈਨਿਕ ਸੰਘਰਸ਼ ਕਮੇਟੀ ਫਿਰੋਜਪੁਰ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਸੂਬੇਦਾਰ ਜਸਵੀਰ ਸਿੰਘ, ਹੌਲਦਾਰ ਸੁਖਦੇਵ ਸਿੰਘ, ਹੌਲਦਾਰ ਰੂਪ ਸਿੰਘ, ਹੌਲਦਾਰ ਰਣ ਸਿੰਘ, ਹੌਲਦਾਰ ਸੋਹਨ ਸਿੰਘ, ਹੌਲਦਾਰ ਗੁਰਦੀਪ ਸਿੰਘ, ਹੌਲਦਾਰ ਹਰਦੀਪ ਸਿੰਘ, ਨਾਇਕ ਬੂਟਾ ਸਿੰਘ, ਨਾਇਕ ਜਗਸੀਰ ਸਿੰਘ ਕਮੇਟੀ ਮੈਂਬਰ ਸਨ। ਸ੍ਰੀ ਗੁਰਵਿੰਦਰ ਸਿੰਘ ਸ਼ਹੀਦ (ਰਿਟਾਇਰਡ ਕਰਨਲ) ਮੁੱਖ ਮਹਿਮਾਨ ਵਜੋਂ ਪ੍ਰੋਗਰਾਮ ਵਿੱਚ ਪਹੁੰਚੇ ਉਨ੍ਹਾਂ ਤੋਂ ਇਲਾਵਾ 24 ਪੰਜਾਬ ਦੇ ਅਵਾਰਡੀ ਜੇਤੂ ਅਤੇ ਭਾਰੀ ਗਿਣਤੀ ਵਿੱਚ ਸਾਬਕਾ ਸੈਨਿਕਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਸਾਰੇ ਦੋਸਤਾਂ ਵਲੋਂ ਮਿਲ ਕਰ ਆਪਣੇ ਪੁਰਾਣੇ ਸਮੇਂ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ ਗਿਆ। ਅੱਗੇ ਵਾਸਤੇ ਵੀ ਇਸ ਪ੍ਰੋਗਰਾਮ ਨੂੰ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ।

## ਲੋਕਤੰਤਰ ਦੇ ਮੁਖੌਟੇ ਹੇਠ ਤਾਨਾਸ਼ਾਹ ਹੈ ਆਮ ਆਦਮੀ ਪਾਰਟੀ - ਐਮ.ਪੀ. ਭਾਈ ਸਰਬਜੀਤ ਸਿੰਘ ਖਾਲਸਾ



**ਫਰੀਦਕੋਟ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**- ਲੋਕਤੰਤਰ ਦੇ ਸੱਚੇ ਪਹਿਰੇਦਾਰ ਹੋਣ ਦਾ ਰੌਲਾ ਪਾ ਕੇ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਦਾ ਤਾਨਾਸ਼ਾਹੀ ਚਿਹਰਾ ਹਰ ਪੱਧਰ 'ਤੇ ਨਸ਼ਰ ਹੋ ਰਿਹਾ ਹੈ। ਪੰਚਾਇਤੀ ਚੋਣਾਂ ਦੇ ਦਰਮਿਆਨ ਆਪ ਸਰਕਾਰ ਦੀ ਕਾਰਗੁਜ਼ਾਰੀ ਉੱਪਰ ਵੱਡੇ ਸਵਾਲ ਉੱਠ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖਾਲਸਾ ਨੇ ਕੀਤਾ। ਐਮ.ਪੀ. ਭਾਈ ਖਾਲਸਾ ਨੇ ਕਿਹਾ ਕਿ ਆਪ ਸਰਕਾਰ ਵੱਲੋਂ ਜਿੱਥੇ ਚੁੱਲ੍ਹਾ ਟੈਕਸ, ਐਨ.ਓ.ਸੀ. ਆਦਿ ਰਾਹੀਂ ਲੋਕਾਂ ਨੂੰ ਖੱਜਲ-ਖੁਆਰ ਕੀਤਾ ਜਾ ਰਿਹਾ ਹੈ ਉਥੇ ਹੀ ਲੋਕਾਂ ਅੰਦਰ ਵੱਖ-ਵੱਖ ਢੰਗਾਂ ਨਾਲ ਡਰ ਪੈਦਾ ਕਰਕੇ ਪੰਚਾਇਤੀ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਈ ਖਾਲਸਾ ਨੇ ਸਖਤ ਤਾੜਨਾ ਕਰਦਿਆਂ ਕਿਹਾ ਕਿ ਫਰੀਦਕੋਟ ਹਲਕੇ ਦੇ ਵਿਧਾਇਕਾਂ ਵੱਲੋਂ ਪੰਚਾਇਤੀ ਚੋਣਾਂ ਕਰਕੇ ਲੋਕਾਂ ਉੱਪਰ ਦਬਾਅ ਬਣਾਉਣ ਦੀ ਕਾਰਵਾਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸਾਡੇ ਵਰਕਰ ਅਸਲ ਇਨਕਲਾਬੀ ਹਨ ਜਿਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕਰਨਾ ਆਪ ਪਾਰਟੀ ਨੂੰ ਪਹਿਲਾਂ ਵੀ ਮਹਿੰਗਾ ਪਿਆ ਸੀ ਅਤੇ ਅੱਗੋਂ ਵੀ ਮਹਿੰਗਾ ਪਵੇਗਾ। ਇਸ ਲਈ ਆਪ ਸਰਕਾਰ ਲੋਕਤੰਤਰ ਦਾ ਘਾਣ ਕਰਨ ਤੋਂ ਬਾਜ ਆਵੇ ਅਤੇ ਪੰਜਾਬ ਨੂੰ ਹੋਰ ਬਰਬਾਦ ਨਾ ਕਰੇ।




# ਗਰੇਵਾਲ ਜੀ ਤੁਹਾਡੇ ਬਾਦਲਕਿਆਂ ਦੇ ਪ੍ਰੇਮੀ ਟੋਲੇ ਨੂੰ ਕੀ ਅਧਿਕਾਰ ਜਥੇਦਾਰ ਅਕਾਲ ਤਖਤ ਨੂੰ ਈਡੀ ਵਾਂਗ ਵਰਤੋ

ਬੀਬੀ ਜਗੀਰ ਕੌਰ ਦੇ ਮਾਮਲੇ ਵਿਚ ਅਕਾਲੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਵੱਲੋ ਸ੍ਰੀ ਅਕਾਲ ਤਖ਼ਤ ਸਾਹਿਬ ਖ਼ਿਲਾਫ਼ ਕੀਤੀ ਗਈ ਟਿੱਪਣੀ ’ਤੇ ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਵੀਡੀਓ ਜਾਰੀ ਕਰਕੇ ਕਿਹਾ ਕਿ ਜੇ ਵਡਾਲਾ ਦੇ ਮਨ ਵਿੱਚ ਕੋਈ ਸ਼ੰਕਾ ਹੈ ਤਾਂ ਉਹ ਜਥੇਦਾਰ ਸਾਹਿਬ ਨੂੰ ਮਿਲ ਕੇ ਇਸ ਸਬੰਧੀ ਵਿਚਾਰ-ਚਰਚਾ ਕਰ ਸਕਦੇ ਹਨ, ਪਰ ਇਸ ਤਰ੍ਹਾਂ ਜਨਤਕ ਤੌਰ ’ਤੇ ਜਥੇਦਾਰ ਸਾਹਿਬ, ਉਨ੍ਹਾਂ ਦੀ ਕਾਰਵਾਈ ਤੇ ਉਨ੍ਹਾਂ ਫੈਸਲਿਆਂ ਦਾ ਵਿਰੋਧ ਕਰਨਾ ਜਥੇਦਾਰ ਵਡਾਲਾ ਨੂੰ ਸ਼ੋਭਾ ਨਹੀਂ ਦਿੰਦਾ। ਉਨ੍ਹਾਂ ਨੇ ਵਡਾਲਾ ਤੇ ਸਮੁੱਚੀ ਅਕਾਲੀ ਦਲ ਸੁਧਾਰ

ਆਵਾਜ਼ਿ ਕੌਮ
AWAZE QAUM
International Newspaper & WEB TV

ਲਹਿਰ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋਣ ਦਾ ਅਪੀਲ ਕੀਤੀ ਹੈ।




ਗਰੇਵਾਲ ਨੇ ਕਿਹਾ ਕਿ ਵਡਾਲਾ ਸਾਹਿਬ ਇਸ ਸਾਰੇ ਵਾਕਿਆ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਾਲ ਜੋੜ ਰਹੇ ਹਨ ਜਦਕਿ ਸ੍ਰੋਮਣੀ ਕਮੇਟੀ ਦੀਆਂ ਦੀ ਪ੍ਰਧਾਨਗੀ ਦੀਆਂ ਚੋਣਾਂ ਵਿੱਚ ਹਾਲੇ 2 ਮਹੀਨੇ ਦਾ ਸਮਾਂ ਬਾਕੀ ਹੈ ਉਨ੍ਹਾਂ ਵਡਾਲਾ ਨੂੰ ਯਾਦ ਕਰਵਾਇਆ ਕਿ ਜਦੋਂ ਉਨ੍ਹਾਂ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਬਾਗ਼ੀ ਧੜਾ ਆਪਣੇ ਪ੍ਰਧਾਨ ਦੇ ਖ਼ਿਲਾਫ਼ ਸ਼ਿਕਾਇਤ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜਾ ਸੀ ਤਾਂ ਜਥੇਦਾਰ ਸਾਹਿਬ ਵੱਲੋਂ ਉਨ੍ਹਾਂ ਦੀ ਸ਼ਿਕਾਇਤ ’ਤੇ ਤੁਰੰਤ ਕਾਰਵਾਈ ਕੀਤੀ ਗਈ, ਸਪਸ਼ਟੀਕਰਨ ਵੀ ਮੰਗਿਆ ਗਿਆ ਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਵੀ ਕਰਾਰ ਦਿੱਤਾ ਗਿਆ।ਉਸ ਵੇਲੇ ਜਥੇਦਾਰ ਸਾਹਿਬ ਦੇ ਬੜੀ ਪ੍ਰਸ਼ੰਸਾ ਕੀਤੀ ਗਈ ਸੀ।

## ਵਿਚਾਰ ਆਪੋ-ਆਪਣਾ

ਉਸ ਸਮੇਂ ਜਦ ਉਨ੍ਹਾਂ ਦੀ ਕੀਤੀ ਸ਼ਿਕਾਇਤ ’ਤੇ ਜਥੇਦਾਰ ਸ੍ਰੀ ਅਕਾਲ ਤਕਤ ਸਾਹਿਬ ਵੱਲੋਂ ਅਮਲ ਕਰਕੇ ਕਾਰਵਾਈ ਕੀਤੀ ਗਈ ਹੈ ਤਾਂ ਫਿਰ ਹੁਣ ਕਿਸੇ ਹੋਰ ਸ਼ਖ਼ਸ ਦੀ ਕੀਤੀ ਸ਼ਿਕਾਇਤ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ’ਤੇ ਸਵਾਲ ਚੁੱਕਣ ਦੀ ਉਨ੍ਹਾਂ ਤੋਂ ਆਸ ਨਹੀਂ ਸੀ। ਜਦ ਬੀਬੀ ਜਗੀਰ ਕੌਰ ਖ਼ੁਦ ਸਪਸ਼ਟੀਕਰਨ ਦੇਣ ਲਈ ਤਿਆਰ ਹਨ ਤਾਂ ਫਿਰ ਵਡਾਲਾ ਇਸ ਗੱਲ ਦਾ ਸਿੱਧਾ ਵਿਰੋਧ ਕਿਉਂ ਕਰ ਰਹੇ ਹਨ ?

ਗਰੇਵਾਲ ਜੀ ਹੈਰਾਨੀ ਇਸ ਗਲ ਦੀ ਹੈ ਕਿ ਤੁਹਾਨੂੰ ਅਕਾਲ ਤਖਤ ਸਾਹਿਬ ਦੀਆਂ ਪੰਥਕ ਪਰੰਪਰਾਵਾਂ ਦੀ ਜਾਣਕਾਰੀ ਨਹੀਂ ਅਕਾਲ ਤਖਤ ਉਪਰ ਨਿਜੀ ਨਹੀਂ, ਪੰਥਕ ਕੇਸ ਵਿਚਾਰੇ ਜਾਂਦੇ ਹਨ ।ਕਿਸੇ ਬੀਬੀ ਨੂੰ ਇੰਜ ਬੇਅਦਬ ਨਹੀਂ ਕੀਤਾ ਜਾਂਦਾ ਜੋ ਹੁਣ ਅਕਾਲ ਤਖਤ ਉਪਰ ਨਵੀਂ ਕੂੜ ਪਰੰਪਰਾ ਪਾਲੀ ਗਈ ਹੈ।

ਤੁਹਾਡੇ ਮਾਲਕ ਸੁਖਬੀਰ ਬਾਦਲ ਦਾ ਕੇਸ ਨਿਜੀ ਨਹੀਂ ਹੈ ,ਇਸਨੇ ਪੰਥਕ ਸੰਕਟ ਵੀ ਪੈਦਾ ਕੀਤਾ,ਅਕਾਲੀ ਦਲ ਨੂੰ ਬੰਦ ਬੰਦ ਕਟਕੇ ਉਜ ਮਾਰਿਆ ਜਿਵੇਂ ਭਾਈ ਮਨੀ ਸਿੰਘ ਨੂੰ ਮੁਗਲਾਂ ਨੂੰ ਬੰਦ ਬੰਦ ਕਟਕੇ ਮਾਰਿਆ ।ਪੰਥ ਦੀ ਸ਼ਰਧਾ ਆਪਣੇ ਸਤਿਗੁਰੂ ਵਿਚ ਹੈ ,ਪੁਜਾਰੀਵਾਦ ਤੇ ਬਾਦਲ ਪਰਿਵਾਰ ਵਿਚ ਨਹੀਂ ।ਅਕਾਲ ਤਖਤ ਦਾ ਜਥੇਦਾਰ ਪੁਜਾਰੀ ਨਹੀਂ, ਨਾ ਹੀ ਸਿਖ ਪੰਥ ਦਾ ਮਹਾ ਗੁਰੂ ਹੈ ਜਿਸਦੀਆਂ ਪੰਥ ਵਿਰੋਧੀ ਫੈਸਲਿਆਂ ਨੂੰ ਗੁਰੂ ਸਿਧਾਂਤ ਮੰਨਕੇ ਪੂਜਿਆ ਜਾਵੇ ਤੇ ਉਸ ਉਪਰ ਕਿੰਤੂ ਪ੍ਰੰਤੂ ਨਾ ਹੋ ਸਕੇ।ਸੁਪਰੀਮ ਸਤਿਗੁਰੂ ਗਰੰਥ ਸਾਹਿਬ ਤੇ ਉਸ ਦੇ ਸਿਧਾਂਤਾਂ ਉਪਰ ਪਹਿਰਾ ਦੇਣ ਵਾਲਾ ਗੁਰੂ ਪੰਥ ਹੈ।

ਜਦੋਂ ਗਿਆਨੀ ਗੁਰਬਚਨ ਸਿੰਘ ਨੇ ਸੌਦਾ ਸਾਧ ਨੂੰ ਮਾਫ ਕੀਤਾ ਸੀ ,ਉਸ ਸਮੇਂ ਤੁਸੀਂ ਤੇ ਤੁਹਾਡਾ ਬਾਦਲ ਲਾਣਾ ਗੁਰੂ ਪੰਥ ਦੇ ਵਿਰੋਧ ਵਿਚ ਖੜਾ ਗਿਆਨੀ ਗੁਰਬਚਨ ਸਿੰਘ ਦਾ ਵਕੀਲ ਬਣੀ ਬੈਠਾ ਸੀ ।ਅੱਜ ਵੀ ਤੁਸੀਂ ਉਸੇ ਰਾਹ ਉਪਰ ਖੜੇ ਅਕਾਲ ਤਖਤ ਸਾਹਿਬ ਦੀਆਂ ਮਹਾਨ ਪਰੰਪਰਾਵਾਂ ਦਾ ਇਕ ਹੋਰ ਗੁਰਬਚਨ ਸਿੰਘ ਪੈਦਾ ਕਰਨ ਦੇ ਰਾਹੇ ਹੋ।

ਪਰ ਸਿਖ ਪੰਥ ਤੁਹਾਡੇ ਪ੍ਰਤੀ ਸੁਚੇਤ ਹੈ ਤੇ ਤੁਹਾਡੇ ਟੋਲੇ ਨੂੰ ਡੇਰਾਵਾਦੀ ਮਸੰਦ ਪ੍ਰਣਾਲੀ ਤੇ ਸੌਦਾ ਸਾਧ ਨਾਲ ਜੋੜਕੇ ਦੇਖ ਰਿਹਾ ।ਅੱਜ ਏਨੀ ਤਿਲਕਣਬਾਜੀ ਤੁਹਾਡੀ ਸਿਆਸੀ ਜ਼ਮੀਨ ਉਪਰ ਬਣ ਗਈ ਹੈ ਕਿ ਸ੍ਰੋਮਣੀ ਕਮੇਟੀ ਵੀ ਤੁਹਾਡੇ ਕੋਲ ਨਿਕਲਦੀ ਨਜਰ ਆ ਰਹੀ ਹੈ। ਤੇ ਤੁਹਾਡੇ ਹਥ ਅਕਾਲੀ ਦਲ ਵੀ ਨਹੀਂ ਰਹਿਣਾ ।ਭਾਵੇਂ ਚੋਣ ਨਿਸ਼ਾਨ ਤਕੜੀ ਬਾਦਲ ਦੇ ਲਿਫਾਫੇ ਵਿਚ ਬੰਦ ਕਰਕੇ ਰਖਿਉ ।ਅਕਾਲੀ ਦਲ ਦੀ ਪੁਨਰ ਸਥਾਪਨਾ ਲਈ ਗੁਰੂ ਪੰਥ ਅੰਗੜਾਈਆਂ ਲੈ ਚੁਕਾ ਹੈ ।ਨਵੇਂ ਇਤਿਹਾਸ ਦੀ ਸਿਰਜਣਾ ਵਲ ਸਫਰ ਜਾਰੀ ਹੈ।

ਤੁਸੀਂ ਸਿਖ ਫੈਡਰੇਸ਼ਨ ਦੇ ਆਗੂ ਹੋਣ ਦੇ ਬਾਵਜੂਦ ਪੰਥਕ ਪਰੰਪਰਾਵਾਂ ਉਪਰ ਪਹਿਰਾ ਨਹੀਂ ਦੇ ਸਕੇ,ਉਲਟਾ ਬਾਦਲ ਪਰਿਵਾਰ ਦੀ ਮਾਲਕੀ ਦੀ ਝੋਲੀ ਵਿਚ ਪੈਕੇ ਸਿਖ ਪੰਥ ਦੇ ਉਲਟ ਖਲੋ ਗਏ ਹੋ।

ਅੱਜ ਇਤਿਹਾਸਕ ਜਮੀਨ ਉਹੀ ਹੈ,ਪਾਤਰ ਵੀ ਉਹੀ ਹਨ ਖਲਨਾਇਕ ਵੀ ਉਹੀ ਹਨ ,ਇਤਿਹਾਸ ਸਿਰਜਣ ਵਾਲਾ ਗੁਰੂ ਪੰਥ ਵੀ ਉਹੀ ਹੈ ।ਜਥੇਦਾਰ ਪਾਤਰ ਬਦਲਿਆ ਹੈ ।ਪਰ ਤੁਹਾਡੇ ਪ੍ਰਭਾਵ ਵਿਚ ਹੈ ।ਸਿਖ ਪੰਥ ਸ਼ਬਦ ਗੁਰੂ ਦੀ ਲੋਅ ਵਿਚ ਸਚੇ ਤਖਤ ਉਪਰ ਤੁਹਾਡੇ ਬਿਪਰਨੀ ,ਕੂੜ ਫੈਸਲੇ ਨਹੀਂ ਚਲਣ ਦੇਵੇਗਾ ।ਇਹ ਅਧਿਕਾਰ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਦਇਆ ਸਿੰਘ ਨੂੰ ਹੁਕਮ ਕਰਕੇ ਦਿਤਾ ਸੀ ਗੁਰੂ ਪੰਥ ਤੇ ਗੁਰੂ ਗ੍ਰੰਥ ਨੂੰ ਗੁਰਿਆਈ ਹੈ ।ਕਿਸੇ ਵਿਅਕਤੀ ਨੂੰ ਨਹੀਂ ।ਭਾਵੇਂ ਬੰਸਾਵਲੀਨਾਮਾ ਪੜ ਲਵੋ, ਭਾਵੇਂ ਭਾਈ ਨੰਦ ਲਾਲ ਜੀ ।ਮੈ ਯਕੀਨ ਨਾਲ ਆਖਦਾ ਹਾਂ ਕਿ ਤੁਹਾਡੇ ਬਾਦਲਕਿਆਂ ਵਿਚੋਂ ਕਿਸੇ ਨੇ ਇਹ ਸਿਧਾਂਤ ਪੜ੍ਹਿਆ ਹੀ ਨਹੀਂ, ਤਾਂਹੀ ਤੁਸੀਂ ਲੋਕ ਜਥੇਦਾਰ ਨੂੰ ਪੰਥ ਦਾ ਪਹਿਰੇਦਾਰ ਬਣਾਉਣ ਦੀ ਥਾਂ ਸੁਪਰ ਤਾਕਤ ਵਜੋਂ ਗੁਰੂ ਦਾ ਬਦਲ ਸਿਰਜਕੇ ਆਪਣੀ ਸਿਆਸਤ ਅਧੀਨ ਰਖਕੇ ਸਿਖ ਪੰਥ ਨੂੰ ਗੁਲਾਮ ਬਣਾਉਣਾ ਚਾਹੁੰਦੇ ਹੋ ।ਪਰ ਇਹ ਤੁਹਾਡੀਆਂ ਕੂੜ ਨੀਤੀਆਂ ਅਗੇ ਨਹੀਂ ਚਲੀਆਂ ਨਾ ਹੁਣ ਚਲਣਗੀਆਂ ।ਅਕਾਲ ਤਖਤ ਦੇ ਜਥੇਦਾਰ ਨੂੰ ਪੰਥਕ ਪਰੰਪਰਾਵਾਂ ਦੀ ਪਾਲਣਾ ਕਰਨੀ ਪਵੇਗੀ ਤੇ ਬਾਦਲ ਪਰਿਵਾਰ ਦੀ ਥਾਂ ਗੁਰੂ ਪੰਥ ਨੂੰ ਸਰਵਉਚ ਮੰਨਣਾ ਪਵੇਗਾ।

**-ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**

# ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੈਅਰਮੈਨ, ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਇੱਕ ਪੇੜ ਮਾਂ ਕੇ ਨਾਂਮ ਮੁਹਿਮ ਤਹਿਤ ਜ਼ਿਲਾ ਕਚਹਿਰੀਆਂ ਅੰਮ੍ਰਿਤਸਰ ਵਿਖੇ ਲਗਾਏ ਬੂਟੇ







**ਅੰਮ੍ਰਿਤਸਰ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਵਲੋ ਵਾਤਾਵਰਨ ਨੂੰ ਬਚਾਉਣ ਅਤੇ ਸਾਫ ਰੱਖਣ ਲਈ ਜਿਲਾ ਕਚਿਹਰੀ, ਅੰਮ੍ਰਿਤਸਰ ਵਿਖੇ ਵੱਖ ਵੱਖ ਤਰਾਂ ਦੇ ਰੁੱਖ ਲਗਾਏ ਗਏ। ਇਸ ਮੌਕੇ ਸ੍ਰੀ ਅਮਰਿੰਦਰ ਸਿੰਘ ਗਰੇਵਾਲ, ਮਾਣਯੋਗ ਜਿਲ੍ਹਾ ਅਤੇ ਸੈਸ਼ਨ ਜੱਜ, ਅੰਮ੍ਰਿਤਸਰ, ਸ੍ਰੀ ਬਲਜਿੰਦਰ ਸਿੰਘ, ਮਾਣਯੋਗ ਐਡੀਸ਼ਨਲ ਸੈਸ਼ਨ ਜੱਜ, ਅੰਮ੍ਰਿਤਸਰ, ਮਿਸ ਮਨਦੀਪ ਕੋਰ, ਮਾਣਯੋਗ ਪ੍ਰਿਸੀਪਲ ਜੱਜ ਫੈਮਲੀ ਕੋਰਟ, ਅੰਮ੍ਰਿਤਸਰ, ਸ੍ਰੀ ਸਤਿਨ ਗੋਇਲ, ਮਾਣਯੋਗ ਐਡੀਸ਼ਨਲ ਸੈਸ਼ਨ ਜੱਜ, ਅੰਮ੍ਰਿਤਸਰ, ਸ੍ਰੀ ਰਣਧੀਰ ਸਿੰਘ ਵਰਮਾ, ਮਾਣਯੋਗ ਐਡੀਸ਼ਨਲ ਸੈਸ਼ਨ ਜੱਜ, ਅੰਮ੍ਰਿਤਸਰ, ਮਿਸ ਸੰਜੀਤਾ, ਮਾਣਯੋਗ ਅਡੀਸ਼ਨਲ ਪ੍ਰਿਸੀਪਲ ਜੱਜ ਫੈਮਲੀ ਕੋਰਟ, ਅੰਮ੍ਰਿਤਸਰ, ਮਿਸ ਤ੍ਰਿਪਤ ਜੋਤ ਕੋਰ, ਮਾਣਯੋਗ ਐਡੀਸ਼ਨਲ ਸੈਸ਼ਨ ਜੱਜ, ਅੰਮ੍ਰਿਤਸਰ, ਸ੍ਰੀ ਰਵਿੰਦਰਜੀਤ ਸਿੰਘ ਬਾਜਵਾ, ਮਾਣਯੋਗ ਐਡੀਸ਼ਨਲ ਸੈਸ਼ਨ ਜੱਜ, ਅੰਮ੍ਰਿਤਸਰ, ਮਿਸ ਸੁਸ਼ਮਾ ਦੇਵੀ, ਮਾਣਯੋਗ ਐਡੀਸ਼ਨਲ ਸੈਸ਼ਨ ਜੱਜ, ਅੰਮ੍ਰਿਤਸਰ, ਸ੍ਰੀ ਪਰਿੰਦਰ ਸਿੰਘ, ਮਾਣਯੋਗ ਐਡੀਸ਼ਨਲ ਸੈਸ਼ਨ ਜੱਜ, ਅੰਮ੍ਰਿਤਸਰ, ਸ੍ਰੀ ਅਮਿਤ ਮਲਹਨ, ਮਾਣਯੋਗ ਅਡੀਸ਼ਨਲ ਪ੍ਰਿਸੀਪਲ ਜੱਜ ਫੈਮਲੀ ਕੋਰਟ, ਅੰਮ੍ਰਿਤਸਰ, ਸ੍ਰੀ ਗੁਰਬੀਰ ਸਿੰਘ, ਮਾਣਯੋਗ ਸਿਵਲ ਜੱਜ (ਸੀਨੀ. ਡਵੀ.), ਅੰਮ੍ਰਿਤਸਰ ਮਿਸ ਪਰਮਿੰਦਰ ਕੋਰ ਬੈਂਸ, ਮਾਣਯੋਗ ਚੀਫ ਜੂਡੀਸੀਅਲ ਮੈਜ਼ੀਟਰੈਟ, ਅੰਮ੍ਰਿਤਸਰ ਅਤੇ ਸ੍ਰੀ ਅਮਰਦੀਪ ਸਿੰਘ ਬੈਂਸ, ਸੈਕਟਰੀ, ਜਿਲਾ ਕਾਨੂੰਨੀ ਸੇਵਾਵਾ ਅਥਾਰਟੀ ਮੌਜੂਦ ਸਨ। ਸ੍ਰੀ ਅਮਰਿੰਦਰ ਸਿੰਘ ਗਰੇਵਾਲ ਜੀਆਂ ਨੇ ਦੱਸਿਆ ਕਿ ਰੁੱਖ ਲਗਾ ਕੇ ਵਾਤਾਵਰਣ ਨੂੰ ਹਰਾ ਭਰਾ ਰੱਖਣ, ਪ੍ਰਦੂਸ਼ਣ ਤੋ ਬਚਾਉਣ ਅਤੇ ਲੋਕਾ ਨੂੰ ਬਹੁਤ ਸਾਰੀਆ ਬਿਮਾਰੀਆ ਤੋ ਬਚਾਉਣ ਦੇ ਨਾਲ ਨਾਲ ਉਹਨਾਂ ਨੂੰ ਸ਼ੁੱਧ ਹਵਾ ਅਤੇ ਆਕਸੀਜ਼ਨ ਪ੍ਰਦਾਨ ਕਰਨ ਲਈ ਪੋਦੇ ਲਗਾਉਣੇ ਬਹੁਤ ਜਰੂਰੀ ਹਨ ਅਤੇ ਇਸ ਅੱਤ ਦੀ ਗਰਮੀ ਤੋਂ ਬਚਣ ਲਈ ਰੁੱਖ ਅਤਿ ਜਰੂਰੀ ਹੈ। ਉਹਨਾਂ ਨੇ ਕਿਹਾ ਕਿ ਕੁਦਰਤ ਨੂੰ ਬਚਾਉਣ ਲਈ ਕੇਵਲ ਇੱਕ ਵਿਅਕਤੀ ਕਾਫੀ ਨਹੀ ਹੈ, ਇਸ ਲਈ ਸਾਨੂੰ ਸਾਰਿਆ ਨੂੰ ਇਕੱਠੇ ਹੋਣਾ ਚਾਹੀਦਾ ਅਤੇ ਸਮੇ ਸਿਰ ਇੱਕ ਸਿਹਤਮੰਦ ਅਤੇ ਸੁਰੱਖਿਅਤ ਵਾਤਾਵਰਨ ਲਈ ਕੰਮ ਕਰਨਾ ਚਾਹੀਦਾ ਹੈ ਤੇ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਇਸ ਧਰਤੀ ਨੂੰ ਦੂਸ਼ਿਤ ਵਾਤਾਵਰਨ, ਗਲੋਬਲ ਵਾਰਮਿੰਗ, ਹੜ੍ਹ, ਸੁਕਾ ਅਤੇ ਇਸ ਤਰਾਂ ਦੀਆਂ ਹੋਰ ਮੁਸੀਬਤਾਂ ਤੋਂ ਬਚਾਇਆ ਜਾ ਸਕੇ।

# ਇੱਕ ਨਜ਼ਰ



## ਖ਼ਾਲਸਾ ਕਾਲਜ ਦੇ ਪੰਜਾਬੀ ਵਿਭਾਗ ਮੁੱਖੀ ਡਾ. ਰੰਧਾਵਾ ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਨਿਯੁਕਤ

ਅੰਮ੍ਰਿਤਸਰ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)-ਖ਼ਾਲਸਾ ਕਾਲਜ ਦੇ ਪੰਜਾਬੀ ਵਿਭਾਗ ਮੁਖੀ ਦਾ ਪੰਜਾਬ ਸਾਹਿਤ ਅਕਾਦਮੀ ਦਾ ਪ੍ਰਧਾਨ ਬਣਨ ਦੇ ਸਬੰਧ ’ਚ ਸਨਮਾਨ ਸਮਾਰੋਹ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਦੀ ਅਗਵਾਈ ’ਚ ਕਰਵਾਏ ਗਏ ਉਕਤ ਸਨਮਾਨ ਸਮਾਰੋਹ ਮੌਕੇ ਸਬੰਧਿਤ ਵਿਭਾਗ ਵੱਲੋਂ ਮੁੱਖੀ ਡਾ. ਆਤਮ ਸਿੰਘ ਰੰਧਾਵਾ ਨੂੰ ਉਕਤ ਅਕਾਦਮੀ ਦਾ ਪ੍ਰਧਾਨ ਬਣਨ ’ਤੇ ਸਨਮਾਨਿਤ ਕੀਤਾ ਗਿਆ। ਇਸ ਵਾਰ ਪੰਜਾਬ ਸਰਕਾਰ ਵੱਲੋਂ ਆਪਣੇ ਮਾਹਰਾਂ ਦੀ ਰਾਏ ਅਨੁਸਾਰ ਸਵਰਨਜੀਤ ਸਿੰਘ ਸਵੀ ਨੂੰ ਚੇਅਰਮੈਨ ਪੰਜਾਬ ਆਰਟਸ ਕੌਂਸਲ, ਸ੍ਰੀ ਅਸ਼ਵਨੀ ਚੈਟਲੇ ਨੂੰ ਪ੍ਰਧਾਨ ਪੰਜਾਬ ਸੰਗੀਤ ਨਾਟਕ ਅਕਾਦਮੀ ਅਤੇ ਕਾਲਜ ਦੇ ਪੰਜਾਬੀ ਵਿਭਾਗ ਮੁਖੀ ਡਾ. ਰੰਧਾਵਾ ਨੂੰ ਪੰਜਾਬ ਸਾਹਿਤ ਅਕਾਦਮੀ ਦਾ ਪ੍ਰਧਾਨ ਥਾਪਿਆ ਗਿਆ ਹੈ। ਇਸ ਮੌਕੇ ਡਾ. ਮਹਿਲ ਸਿੰਘ ਨੇ ਕਿਹਾ ਕਿ ਸਮੁੱਚਾ ਵਿਭਾਗ ਜੋ ਸਾਰਾ ਸਾਲ ਕੰਮ ਕਰਦਾ ਹੈ, ਸਾਹਿਤ ਉਤਸਵ ਅਤੇ ਪੁਸਤਕ ਮੇਲਾ ਲਗਾਉਂਦਾ ਹੈ ਸੰਵਾਦ ਵਰਗਾ ਮਿਆਰੀ ਰਸਾਲਾ ਚਲਾ ਰਿਹਾ ਹੈ, ਉਸ ਸਦਕਾ ਵਿਭਾਗ ਦੀ ਸਮੁੱਚੇ ਪੰਜਾਬੀ ਸੰਸਾਰ ਵਿਚ ਇਕ ਵੱਖਰੀ ਪਹਿਚਾਣ ਬਣੀ ਹੈ ਅਤੇ ਇਹ ਅਹੁਦਾ ਇਸ ਮਿਹਨਤ/ਪਹਿਚਾਣ ਦਾ ਹੀ ਨਤੀਜਾ ਹੈ। ਪੰਜਾਬ ਕਲਾ ਪਰਿਸ਼ਦ ਪੰਜਾਬ ਵਿਚ ਪੰਜਾਬ ਦੀਆਂ ਵੱਖ-ਵੱਖ ਕਲਾਵਾਂ ਨੂੰ ਪ੍ਰਫੁਲਿਤ ਕਰਨ ਵਾਲਾ ਰਾਜ-ਪੱਧਰੀ ਸਰਕਾਰੀ ਅਦਾਰਾ ਹੈ। ਪੰਜਾਬ ਕਲਾ ਪਰਿਸ਼ਦ ਅਧੀਨ ਪੰਜਾਬ ਸੰਗੀਤ ਨਾਟਕ ਅਕਾਦਮੀ, ਪੰਜਾਬ ਲਲਿਤ ਕਲਾ ਅਕਾਦਮੀ ਅਤੇ ਪੰਜਾਬ ਸਾਹਿਤ ਅਕਾਦਮੀ ਪੰਜਾਬ ਦੀਆਂ ਵੱਖ-ਵੱਖ ਕਲਾਵਾਂ ਨੂੰ ਪ੍ਰਸਾਰਨ ਪ੍ਰਚਾਰਨ ਹਿੱਤ ਉੱਦਮ ਕਰਦੇ ਹਨ। ਇਨ੍ਹਾਂ ਅਦਾਰਿਆਂ ਦੀ ਜ਼ਿੰਮੇਵਾਰੀ ਵੱਖ ਵੱਖ ਕਲਾਵਾਂ ਦੇ ਮਾਹਰਾਂ ਨੂੰ ਤਿੰਨ ਸਾਲ ਲਈ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਉਕਤ ਅਕਾਦਮੀ ਦੀ ਸਥਾਪਨਾ 1979 ’ਚ ਕੀਤੀ ਗਈ ਸੀ ਅਤੇ ਉਸ ਸਮੇਂ ਇਸ ਦੇ ਪਹਿਲੇ ਪ੍ਰਧਾਨ ਸੰਤ ਸਿੰਘ ਸੇਖੋਂ ਬਣਾਏ ਗਏ ਸਨ ਜਦਕਿ ਸਕੱਤਰ ਦਾ ਅਹੁਦਾ ਡਾ. ਅਤਰ ਸਿੰਘ ਨੇ ਸੰਭਾਲਿਆ ਸੀ। ਬਾਅਦ ’ਚ ਇਸ ਅਕਾਦਮੀ ਦੇ ਪ੍ਰਧਾਨ ਕਰਤਾਰ ਸਿੰਘ ਦੁੱਗਲ, ਗਿਆਨੀ ਲਾਲ ਸਿੰਘ, ਦਲੀਪ ਕੌਰ ਟਿਵਾਣਾ, ਹਰਭਜਨ ਹਲਵਾਰਵੀ, ਪ੍ਰੋ ਗੁਰਦਿਆਲ ਸਿੰਘ ਅਤੇ ਸੁਰਜੀਤ ਪਾਤਰ ਵਰਗੀਆਂ ਸ਼ਖਸੀਅਤਾਂ ਰਹੀਆਂ ਹਨ। ਉਕਤ ਸਮਾਰੋਹ ਮੌਕੇ ਵਿਭਾਗੀ ਸਟਾਫ ਨੇ ਡਾ. ਰੰਧਾਵਾ ਨੂੰ ਫੁੱਲਾਂ ਦੇ ਗੁਲਦਸਤੇ ਅਤੇ ਪੌਦੇ ਨਾਲ ਸਨਮਾਨਿਤ ਕਰਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

## ਅੱਜ ਤੋਂ ਸ਼ੁਰੂ ਹੋਵੇਗੀ ਝੋਨੇ ਦੀ ਸਰਕਾਰੀ ਖਰੀਦ, ਫਸਲ ਦਾ ਇੱਕ ਇੱਕ ਦਾਣਾ ਖਰੀਦ ਕੀਤਾ ਜਾਵੇਗਾ: ਡਿਪਟੀ ਕਮਿਸ਼ਨਰ

**ਖਰੀਦ ਕੇਂਦਰਾਂ ਵਿੱਚ ਕਿਸਾਨਾਂ ਆੜ੍ਹਤੀਆਂ ਅਤੇ ਪੱਲੇਦਾਰਾਂ ਲਈ ਹਰ ਤਰ੍ਹਾਂ ਦੇ ਪੁਖਤਾ ਪ੍ਰਬੰਧ -ਜ਼ਿਲ੍ਹਾ ਮੰਡੀ ਅਫਸਰ • ਕੰਬਾਇਨਾਂ ਸਵੇਰੇ 10:00 ਵਜੇ ਤੋਂ ਸ਼ਾਮ 7:00 ਵਜੇ ਤੱਕ ਕੱਟ ਸਕਣਗੀਆਂ ਝੋਨਾ**




ਅੰਮ੍ਰਿਤਸਰ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)-ਆ ਰਹੇ ਝੋਨੇ ਦੇ ਸੀਜ਼ਨ ਵਿੱਚ ਝੋਨੇ ਦੀ ਸਰਕਾਰੀ ਖਰੀਦ ਇੱਕ ਅਕਤੂਬਰ ਤੋਂ ਸ਼ੁਰੂ ਹੋਣ ਜਾ ਰਹੀ ਹੈ ਅਤੇ ਸਰਕਾਰੀ ਖਰੀਦ ਲਈ ਜਰੂਰੀ ਹੈ ਕਿ ਕਿਸਾਨ 17 ਫੀਸਦੀ ਤੋਂ ਵੱਧ ਨਮੀ ਵਾਲਾ ਝੋਨਾ ਮੰਡੀ ਵਿੱਚ ਨਾ ਲੈ ਕੇ ਆਉਣ। ਡਿਪਟੀ ਕਮਿਸ਼ਨਰ ਸ੍ਰੀਮਤੀ ਸ਼ਾਕਸ਼ੀ ਸਾਹਨੀ ਨੇ ਇਹ ਪ੍ਰਗਟਾਵਾ ਕਰਦੇ ਦੱਸਿਆ ਕਿ ਸਾਡੇ ਵੱਲੋਂ ਝੋਨੇ ਦੀ ਖਰੀਦ ਲਈ ਸਾਰੀਆਂ ਏਜੰਸੀਆਂ ਦੇ ਪ੍ਰਬੰਧ ਕਰ ਲਏ ਗਏ ਹਨ ਅਤੇ ਕਿਸਾਨਾਂ ਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ ਪਰ ਮੰਡੀਆਂ ਵਿੱਚ ਝੋਨੇ ਦੇ ਅੰਬਾਰ ਨਾ ਲੱਗਣ ਇਸ ਲਈ ਜਰੂਰੀ ਹੈ ਕਿ ਕਿਸਾਨ ਸੁੱਕੀ ਫਸਲ ਮੰਡੀ ਵਿੱਚ ਲੈ ਕੇ ਆਵੇ। ਉਹਨਾਂ ਨੇ ਮੰਡੀ ਅਧਿਕਾਰੀਆਂ ਨੂੰ ਵੀ ਨਿਰਦੇਸ਼ ਦਿੱਤੇ ਕਿ ਉਹ ਮੰਡੀਆਂ ਦੇ ਗੇਟ ਉੱਤੇ ਹੀ ਝੋਨੇ ਦੀ ਜਾਂਚ ਕਰਨ ਅਤੇ ਜੇਕਰ ਝੋਨਾ 17 ਫੀਸਦੀ ਤੋਂ ਵੱਧ ਨਮੀ ਵਾਲਾ ਆਉਂਦਾ ਹੈ ਤਾਂ ਉਸ ਨੂੰ ਮੰਡੀ ਵਿੱਚ ਦਾਖਲ ਨਾ ਹੋਣ ਦਿੱਤਾ ਜਾਵੇ। ਉਨਾਂ ਦੱਸਿਆ ਕਿ ਕੰਬਾਇਨ ਮਾਲਕਾਂ ਦੇ ਮਸ਼ਵਰੇ ਉੱਤੇ ਹੁਣ ਕੰਬਾਇਨਾਂ ਸਵੇਰੇ 10:00 ਵਜੇ ਤੋਂ ਸ਼ਾਮ 7:00 ਵਜੇ ਤੱਕ ਝੋਨੇ ਦੀ ਕਟਾਈ ਕਰ ਸਕਣਗੀਆਂ। ਡਿਪਟੀ ਕਮਿਸ਼ਨਰ ਨੇ ਅੱਜ ਸ਼ੈਲਰ ਮਾਲਕਾਂ ਨਾਲ ਵੀ ਵਿਸ਼ਥਾਰ ਨਾਲ ਮੀਟਿੰਗ ਕੀਤੀ ਅਤੇ ਉਨਾਂ ਦੇ ਮਸਲੇ ਰਾਜ ਸਰਕਾਰ ਕੋਲ ਉਠਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਜਿਲਾ ਮੰਡੀ ਅਫਸਰ ਸਰਦਾਰ ਅਮਨਦੀਪ ਸਿੰਘ ਨੇ ਦੱਸਿਆ ਕਿ ਇਸ ਵਾਰ ਜਿਲੇ ਵਿੱਚ 50 ਖਰੀਦ ਕੇਂਦਰ ਬਣਾਏ ਗਏ ਹਨ ਜਿੱਥੇ ਸਰਕਾਰੀ ਖਰੀਦ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਝੋਨੇ ਦੇ ਸਰਕਾਰੀ ਰੇਟ 2320 ਰੁਪਏ ਪ੍ਰਤੀ ਕੁਇੰਟਲ ਏ ਸ਼੍ਰੇਣੀ ਦੇ ਝੋਨੇ ਲਈ ਤੈਅ ਕੀਤੇ ਗਏ ਹਨ। ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਗਿੱਲਾ ਝੋਨਾ ਮੰਡੀ ਵਿੱਚ ਨਾ ਲੈ ਕੇ ਆਉਣ। ਇਸ ਲਈ ਜਰੂਰੀ ਹੈ ਕਿ ਕੰਬਾਈਨਾਂ ਸਵੇਰੇ ਤੜਕੇ ਜਾਂ ਸ਼ਾਮ ਨੂੰ ਦੇਰ ਤੱਕ ਨਾ ਚਲਾਈਆਂ ਜਾਣ ਅਤੇ ਸੁੱਕਾ ਝੋਨਾ ਹੀ ਵੱਢਿਆ ਜਾਵੇ।

## ਡਾ. ਵਿਕਰਮਜੀਤ ਸਿੰਘ ਸਾਹਨੀ ਵਣਜ ਬਾਰੇ ਸੰਸਦੀ ਕਮੇਟੀ ਦੇ ਮੁੜ ਮੈਂਬਰ ਨਾਮਜ਼ਦ

**ਨਵੀਂ ਦਿੱਲੀ, 30 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੂੰ ਵਣਜ ਬਾਰੇ ਸੰਸਦੀ ਸਥਾਈ ਕਮੇਟੀ ਲਈ ਦੁਬਾਰਾ ਨਾਮਜ਼ਦ ਕੀਤਾ ਗਿਆ ਹੈ, ਜੋ ਕਿ ਵਪਾਰ ਅਤੇ ਉਦਯੋਗ, ਖਾਸ ਕਰਕੇ ਪੰਜਾਬ ਦੇ ਹਿੱਤਾਂ ਦੇ ਸਬੰਧ ਵਿੱਚ ਵਕਾਲਤ ਕਰਨ ਦੇ ਲਗਾਤਾਰ ਯਤਨਾਂ ’ਤੇ ਜ਼ੋਰ ਦੇਣ ਵਜੋ ਹੋਇਆ ਹੈ ।ਡਾ. ਸਾਹਨੀ ਸੰਸਦ ਅਤੇ ਬਾਹਰ ਦੋਵਾਂ ਵਿੱਚ ਇੱਕ ਸਰਗਰਮ ਅਵਾਜ਼ ਬਣੇ ਰਹੇ ਹਨ ਜਿੱਥੇ ਉਹਨਾਂ ਨੇ ਰਾਸ਼ਟਰੀ ਅਤੇ ਖੇਤਰੀ ਵਪਾਰ ਮੁੱਦਿਆਂ ’ਤੇ ਲਗਾਤਾਰ ਮਹੱਤਵਪੂਰਨ ਚਿੰਤਾਵਾਂ ਉਠਾਈਆਂ ਹਨ ।ਡਾ. ਸਾਹਨੀ ਪੰਜਾਬ ਦੇ ਉਦਯੋਗਿਕ ਵਿਕਾਸ ਲਈ 1200 ਏਕੜ ਰਾਜਪੁਰਾ ਇੰਡਸਟਰੀਅਲ ਕੋਰੀਡੋਰ ਨੂੰ ਸਫਲਤਾਪੂਰਵਕ ਮਨਜ਼ੂਰੀ ਦੁਆਈ ਹੈ ਅਤੇ ਨਾਲ ਹੀ ਮੋਹਾਲੀ ਵਿਖੇ ਸੈਮੀ-ਕੰਡਕਟਰ ਸੁਵਿਧਾ ਨੂੰ ਅਪਗ੍ਰੇਡ ਕਰਨ ਲਈ 10,000 ਕਰੋੜ ਰੁਪਏ ਮਨਜੂਰ ਕਰਵਾ ਕਿ ਮਹੱਤਵਪੂਰਨ



ਕਾਰਜ ਕੀਤਾ ਹੈ। ਉਹਨਾਂ ਨੇ ਪੰਜਾਬ ਦੇ ਉਦਯੋਗਿਕ ਵਿਕਾਸ ਨੂੰ ਸਮਰਥਨ ਦੇਣ ਲਈ ਸਾਈਕਲ, ਖਿਡੌਣੇ ਅਤੇ ਚਮੜਾ ਉਦਯੋਗਾਂ ਲਈ ਪ੍ਰੋਡਕਸ਼ਨ ਲਿੰਕਡ ਇਨਸੈਂਟਿਵ (ਪੀ.ਐਲ.ਆਈ.) ਸਕੀਮ ਦੇ ਵਿਸਤਾਰ ਵਰਗੇ ਅਹਿਮ ਮੁੱਦੇ ਵੀ ਉਠਾਏ ਹਨ ।ਡਾ. ਸਾਹਨੀ ਨੇ ਬ੍ਰਿਕਸ ਅਤੇ ਸਾਰਕ ਵਰਗੇ ਅੰਤਰਰਾਸ਼ਟਰੀ ਮੰਚਾਂ ’ਤੇ ਭਾਰਤ ਦੀ ਪ੍ਰਤੀਨਿਧਤਾ ਕੀਤੀ ਹੈ ਉਹਨਾਂ ਨੇ ਆਈ.ਸੀ.ਸੀ ਚੈਂਬਰ ਆਫ਼ ਕਾਮਰਸ, ਪੈਰਿਸ-ਇੰਡੀਆ ਚੈਪਟਰ ਦੇ ਚੇਅਰ ਵਜੋਂ ਅਤੇ ਵਣਜ ਮੰਤਰਾਲੇ ਲਈ ਇੱਕ ਪ੍ਰਮੁੱਖ ਸਲਾਹਕਾਰ ਸੰਸਥਾ, ਵਪਾਰ ਬੋਰਡ ਦੇ ਇੱਕ ਸਰਗਰਮ ਮੈਂਬਰ ਵਜੋਂ ਵੀ ਸੇਵਾ ਨਿਭਾਈ ਹੈ।